Fair Advice Financial | Carte Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

MORTGAGE ALLIANCE
Get Pre-Qualified in Minutes*
Mortgagealliance.com/ParminderMangat
Parminder Mangat
Mortgage Agent | Lic#10530
647-285-9119
pmangat@mortgagealliance.com
20 Maritime Blvd. Unit #11, Brampton, L6S0C2

Vol 18 * Issue 71
Daily Newspaper Thursday, April 11, 2019
Tel: 905-793-2202 Fax: 905-793-2282 news@punjabipost.ca

Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth R.I.B.O
Address: 1550 South Gateway Rd. Suite 220 Mississauga, ON L4W 5G6

## ਅਸਾਇਲਮ ਲਾਅਜ਼ ਵਿੱਚ ਕੀਤੀਆਂ ਜਾਣ ਵਾਲੀਆਂ ਵਿਵਾਦਗ੍ਰਸਤ ਤਬਦੀਲੀਆਂ ਦਾ ਟਰੂਡੋ ਨੇ ਪੂਰਿਆ ਪੱਖ

ਓਟਵਾ, 10 ਅਪਰੈਲ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਸਾਇਲਮ ਲਾਅਜ਼ ਵਿੱਚ ਕੀਤੀਆਂ ਜਾਣ ਵਾਲੀਆਂ ਵਿਵਾਦਗ੍ਰਸਤ ਤਬਦੀਲੀਆਂ ਦਾ ਪੱਖ ਪੂਰ ਰਹੇ ਹਨ। ਇਨ੍ਹਾਂ ਨਿਯਮਾਂ ਨੂੰ ਇਸ ਹਫਤੇ ਪੇਸ਼ ਕੀਤੇ ਗਏ ਇੱਕ ਸਰਬਾਂਗੀ ਬਜਟ ਬਿੱਲ ਵਿੱਚ ਹੀ ਸ਼ਾਮਲ ਕੀਤਾ ਗਿਆ ਹੈ। ਟਰੂਡੋ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਸਰਕਾਰ ਚਾਹੁੰਦੀ ਹੈ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਕੈਨੇਡਾ ਦਾ ਰਫਿਊਜੀ ਸਿਸਟਮ ਸਾਰਿਆਂ ਲਈ ਜਾਇਜ਼ ਹੈ।



ਇਨ੍ਹਾਂ ਤਬਦੀਲੀਆਂ ਤਹਿਤ ਕੈਨੇਡਾ ਵਿੱਚ ਪਨਾਹ ਹਾਸਲ ਕਰਨ ਦੇ ਚਾਹਵਾਨ ਉਸ ਸੂਰਤ ਵਿੱਚ ਰਫਿਊਜੀ ਕਲੇਮ ਨਹੀਂ ਕਰ ਸਕਣਗੇ ਜੇ ਉਨ੍ਹਾਂ ਨੇ ਇਸ ਤਰ੍ਹਾਂ ਦੇ ਹੀ ਕਲੇਮ ਅਮਰੀਕਾ ਸਮੇਤ ਹੋਰਨਾਂ ਦੇਸ਼ਾਂ ਵਿੱਚ ਵੀ ਕੀਤੇ ਹੋਣਗੇ। ਬਾਰਡਰ ਸਕਿਊਰਿਟੀ ਮੰਤਰੀ ਬਿੱਲ ਬਲੇਅਰ ਦਾ ਮੰਨਣਾ ਹੈ ਕਿ ਇਸ ਨਾਲ ਪਨਾਹ ਹਾਸਲ ਕਰਨ ਦੇ ਨਾਂ ਉੱਤੇ ਲੋਕ ਖਾਹਮਖਾਹ ਅਰਜ਼ੀਆਂ ਨਹੀਂ ਦੇਈ ਜਾਣਗੇ। ਰਫਿਊਜੀਆਂ ਨਾਲ ਕੰਮ ਕਰਨ ਵਾਲੇ ਵਕੀਲ ਇਨ੍ਹਾਂ ਤਬਦੀਲੀਆਂ ਦੇ ਸਬੰਧ ਵਿੱਚ ਪੇਸ਼ ਆਉਣ ਵਾਲੀਆਂ ਦਿੱਕਤਾਂ ਤੋਂ ਸਾਰਿਆਂ ਨੂੰ ਚੌਕਸ ਕਰਨ ਦੀ ਕੋਸ਼ਿਸ਼ ਵਿੱਚ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਸਰਕਾਰ ਕਮਜ਼ੋਰ ਪਨਾਹ ਹਾਸਲ ਕਰਨ ਵਾਲਿਆਂ ਨੂੰ ਮਨੁੱਖੀ ਅਧਿਕਾਰਾਂ ਸਬੰਧੀ ਹਿਫਾਜ਼ਤ ਤੋਂ ਵੀ ਵਾਂਝਾ ਕਰ ਰਹੀ ਹੈ।

ਬੁੱਧਵਾਰ ਨੂੰ ਟਰੂਡੋ ਨੇ ਆਖਿਆ ਕਿ ਵਿਸ਼ਵਵਿਆਪੀ ਅਸਥਿਰਤਾ ਕਾਰਨ ਹੀ ਕੈਨੇਡਾ ਵਿੱਚ ਪਨਾਹ ਹਾਸਲ ਕਰਨ ਵਾਲਿਆਂ ਦੀ ਗਿਣਤੀ ਵੱਧ ਰਹੀ ਹੈ। ਉਨ੍ਹਾਂ ਆਖਿਆ ਕਿ ਕੈਨੇਡੀਅਨਾਂ ਦਾ ਦੇਸ਼ ਦੇ ਅਸਾਇਲਮ ਸਿਸਟਮ ਵਿੱਚ ਯਕੀਨ ਬਰਕਰਾਰ ਰੱਖਣ ਤੋਂ ਭਾਵ ਹੈ ਕਿ ਕੈਨੇਡਾ ਦਾਖਲ ਹੋਣ ਵਾਲੇ ਅਜਿਹਾ ਸੱਭ ਕੁੱਝ ਕਾਨੂੰਨ ਦੇ ਅਨੁਸਾਰ ਹੀ ਕਰਨ। ...ਬਾਕੀ ਪੰਨਾ 6 'ਤੇ

## ਟਰਾਂਸਪੋਰਟੇਸ਼ਨ ਵਿੱਚ ਸੁਧਾਰ ਲਈ ਫੋਰਡ ਵੱਲੋਂ 28.5 ਬਿਲੀਅਨ ਡਾਲਰ ਦਾ ਨਿਵੇਸ਼ ਕਰਨ ਦਾ ਐਲਾਨ

ਟੋਰਾਂਟੋ, 10 ਅਪਰੈਲ (ਪੋਸਟ ਬਿਊਰੋ) : ਓਨਟਾਰੀਓ ਸਰਕਾਰ ਦੇ ਟਰਾਂਸਪੋਰਟੇਸ਼ਨ ਸਬੰਧੀ ਨਵੇਂ ਨਜ਼ਰੀਏ ਨਾਲ ਓਨਟਾਰੀਓ ਭਰ ਦੇ ਟਰਾਂਜ਼ਿਟ ਯੂਜ਼ਰਜ਼ ਤੇ ਕਮਿਊਟਰਜ਼ ਨੂੰ ਜਲਦ ਹੀ ਟਰਾਂਸਪੋਰਟੇਸ਼ਨ ਵਿੱਚ ਸੁਧਾਰ ਵੇਖਣ ਨੂੰ ਮਿਲੇਗਾ। ਇਸ ਸਬੰਧੀ ਪ੍ਰੀਮੀਅਰ ਡੱਗ ਫੋਰਡ ਵੱਲੋਂ ਐਲਾਨ ਕੀਤਾ ਗਿਆ। ਫੋਰਡ ਨੇ ਓਨਟਾਰੀਓ ਦੇ ਟਰਾਂਜ਼ਿਟ ਨੈੱਟਵਰਕ ਦੇ ਪਸਾਰ ਲਈ 28.5 ਬਿਲੀਅਨ ਡਾਲਰ ਖਰਚ ਕਰਨ ਦਾ ਐਲਾਨ ਕੀਤਾ।




ਇਸ ਮੌਕੇ ਟਰਾਂਸਪੋਰਟੇਸ਼ਨ ਮੰਤਰੀ ਜੈੱਫ ਯੂਰੇਕ, ਇਨਫਰਾਸਟ੍ਰਕਚਰ ਮੰਤਰੀ ਮੌਂਟੀ ਮੈਕਨਾਟਨ ਵੀ ਫੋਰਡ ਦੇ ਨਾਲ ਮੌਜੂਦ ਸਨ। ਹੁਣ ਤੱਕ ਨਵੇਂ ਸਬਵੇਅਜ਼ ਦੇ ਨਿਰਮਾਣ ਤੇ ਟਰਾਂਸਪੋਰਟੇਸ਼ਨ ਵਿੱਚ ਸੁਧਾਰ ਲਈ ਐਲਾਨੀ ਗਈ ਇਹ ਸੱਭ ਤੋਂ ਵੱਡੀ ਰਕਮ ਹੈ। ਫੋਰਡ ਨੇ ਆਖਿਆ ਕਿ ਸਾਡੀ ਸਰਕਾਰ ਟਰਾਂਸਪੋਰਟੇਸ਼ਨ ਵਿੱਚ ਇਸ ਲਈ ਨਿਵੇਸ਼ ਕਰ ਰਹੀ ਹੈ ਤਾਂ ਕਿ ਟਰਾਂਜ਼ਿਟ ਯੂਜ਼ਰਜ਼ ਤੇ ਕਮਿਊਟਰਜ਼ ਨੂੰ ਰਾਹਤ ਅਤੇ ਨਵੇਂ ਮੌਕੇ ਮਿਲ ਸਕਣ। ਉਨ੍ਹਾਂ ਅੱਗੇ ਆਖਿਆ ਕਿ ਯੰਗ ਨੌਰਥ ਸਬਵੇਅ ਐਕਸਟੈਂਸ਼ਨ ਦੀ ਲਾਈਨ 1 ਉੱਤੇ ਜ਼ਿਆਦਾ ਭੀੜ ਹੋਣ ਕਾਰਨ ਹੀ ਅਸੀਂ ਓਨਟਾਰੀਓ ਦੀ ਨਵੀਂ ਲਾਈਨ ਦਾ ਐਲਾਨ ਕੀਤਾ ਹੈ। ਇਹ ਲਾਈਨ ਸਬਵੇਅ ਨੂੰ ਇਸ ਖਿੱਤੇ ਦੇ ਸੱਭ ਤੋਂ ਵੱਡੇ ਇੰਪਲਾਇਮੈਂਟ ਸੈਂਟਰ ਨਾਲ ਜੋੜਦੀ ਹੈ, ਇਹ ਤਿੰਨ ਸਟੌਪ ਵਾਲਾ ਸਕਾਰਬੌਰੋ ਸਬਵੇਅ ਐਕਸਟੈਂਸ਼ਨ ਹੋਵੇਗਾ ਜਿਹੜਾ ਕਮਿਊਨਿਟੀਜ਼ ਦੀ ਬਿਹਤਰ ਸੇਵਾ ਲਈ ਬਣਾਇਆ ਜਾਵੇਗਾ, ...ਬਾਕੀ ਪੰਨਾ 6 'ਤੇ

JOSHI LAW OFFICE
Barrister, Solicitor & Notary Public
info@joshilawoffice.com | joshilawoffice.com
❖Immigration
❖Real Estate / Commercial Law
❖Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B
416-213-8600

INSURANCE
Home Auto
Business Trucking
R.E.S.P Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

## ਲਿਬਰਲ ਐਮਪੀਜ਼ ਨੇ ਫੰਡਰੇਜ਼ਰ ਈਵੈਂਟ ਰੱਦ ਕਰਵਾਉਣ ਲਈ ਸ਼ੀਅਰ ਨੂੰ ਲਿਖਿਆ ਪੱਤਰ

ਓਟਵਾ, 10 ਅਪਰੈਲ (ਪੋਸਟ ਬਿਊਰੋ) : ਲਿਬਰਲ ਐਮਪੀਜ਼ ਨੇ ਕੰਜ਼ਰਵੇਟਿਵ ਆਗੂ ਐਂਡਰਿਊ ਸ਼ੀਅਰ ਨੂੰ ਪੱਤਰ ਲਿਖ ਕੇ ਗ੍ਰੇਟਰ ਟੋਰਾਂਟੋ ਏਰੀਆ ਦੇ ਉਮੀਦਵਾਰ ਦੇ ਫੰਡ ਰੇਜ਼ਿੰਗ ਈਵੈਂਟ ਨੂੰ ਰੱਦ ਕਰਨ ਦੀ ਮੰਗ ਕੀਤੀ ਹੈ। ਇਹ ਈਵੈਂਟ ਹੈਲਥਕੇਅਰ ਦੇ ਸਬੰਧ ਵਿੱਚ ਗੱਲਬਾਤ ਲਈ ਕਰਵਾਇਆ ਜਾ ਰਿਹਾ ਹੈ ਤੇ ਇਸ ਲਈ ਪ੍ਰਤੀ ਵਿਅਕਤੀ 250 ਡਾਲਰ ਟਿਕਟ ਰੱਖੀ ਗਈ ਹੈ।



ਲਿਬਰਲਾਂ ਦਾ ਕਹਿਣਾ ਹੈ ਕਿ ਜਿਸ ਤਰ੍ਹਾਂ ਇਸ ਈਵੈਂਟ ਨੂੰ ਪੇਸ਼ ਕੀਤਾ ਜਾ ਰਿਹਾ ਹੈ ਉਨ੍ਹਾਂ ਨੂੰ ਉਸ ਗੱਲ ਤੋਂ ਇਤਰਾਜ਼ ਹੈ। ਪੱਤਰ ਵਿੱਚ ਇਹ ਵੀ ਲਿਖਿਆ ਗਿਆ ਹੈ ਕਿ ਇਹ ਤਾਂ ਸਰਾਸਰ ਸੱਤਾ ਤੱਕ ਪਹੁੰਚ ਲਈ ਮਾਰਿਆ ਜਾ ਰਿਹਾ ਹੰਭਲਾ ਨਜ਼ਰ ਆ ਰਿਹਾ ਹੈ। ਇਹ ਈਵੈਂਟ ਅਗਲੇ ਹਫਤੇ ਨੌਰਥ ਯੌਰਕ, ਓਨਟਾਰੀਓ ਵਿੱਚ ਕਰਵਾਇਆ ਜਾ ਰਿਹਾ ਹੈ। ਇਸ ਦਾ ਸਿਰਲੇਖ ਹੈ "ਹੈਲਥਕੇਅਰ ਰੀਇਮੈਜਿਨਡ, ਇਟਸ ਟਾਈਮ ਫੌਰ ਚੇਂਜ।" ਜਿਸ ਤਰ੍ਹਾਂ ਇਸ ਈਵੈਂਟ ਦੀ ਵੈੱਬਸਾਈਟ ਦੀ ਵਰਡਿੰਗ ਹੈ ਉਸ ਤੋਂ ਤਾਂ ਇਹੋ ਸਪਸ਼ਟ ਹੁੰਦਾ ਹੈ ਕਿ ਇਹ ਈਵੈਂਟ ਹੈਲਥਕੇਅਰ ਦੇ ਖੇਤਰ ਵਿੱਚ ਕੰਮ ਕਰਨ ਵਾਲੇ ਲੋਕਾਂ ਨਾਲ ਸਬੰਧਤ ਹੈ।

ਇਸ ਫੰਡਰੇਜ਼ਰ ਈਵੈਂਟ ਨੂੰ ਡੌਨ ਵੈਲੀ ਵੈਸਟ ਤੋਂ ਕੰਜ਼ਰਵੇਟਿਵ ਉਮੀਦਵਾਰ ਯਵੌਨ ਰੌਬਰਟਸਨ ਵੱਲੋਂ ਹੋਸਟ ਕੀਤਾ ਜਾਵੇਗਾ। ਸ਼ੁਰੂ ਵਿੱਚ ਇਹ ਵੀ ਮੰਨਿਆ ਜਾ ਰਿਹਾ ਸੀ ਕਿ "ਇਹ ਸਾਡੇ ਅਗਲੇ ਵਿੱਤ ਮੰਤਰੀ ਤੇ ਕੰਜ਼ਰਵੇਟਿਵ ਐਮਪੀਜ਼ ਪਿਏਰੇ ਪੌਇਲੀਵਰ" ਅਤੇ "ਸਾਡੇ ਅਗਲੇ ਸਿਹਤ ਮੰਤਰੀ ਮੈਰੀਲਿਨ ਗਲੈਡੂ" ਲਈ ਪਾਲਿਸੀ ਫੋਰਮ ਤੇ ਕਾਕਟੇਲ ਰਿਸੈਪਸ਼ਨ ਹੋ ਸਕਦਾ ਹੈ। ਪਰ ਬਾਅਦ ਵਿੱਚ ਇਨ੍ਹਾਂ ਦੋ ਐਮਪੀਜ਼ ਦੇ ਨਾਂ ਹਟਾ ਦਿੱਤੇ ਗਏ।

ਰੌਬਰਟਸਨ ਦੀ ਕੈਂਪੇਨ ਪ੍ਰਬੰਧਕਾਂ ਨੇ ਇੱਕ ਈਮੇਲ ਰਾਹੀਂ ਦੱਸਿਆ ਕਿ ਸਿਰਫ ਇੱਕ ਵਿਅਕਤੀ ਹੀ ਕੈਬਨਿਟ ਬਾਰੇ ਫੈਸਲਾ ਕਰਦਾ ਹੈ ਤੇ ਜੋ ਕਿ ਕੈਨੇਡਾ ਦੇ ਪ੍ਰਧਾਨ ਮੰਤਰੀ ਹਨ। ਵਿਰੋਧੀ ਧਿਰ ਵਜੋਂ ਸਾਡੇ ਕੋਲ ਸ਼ੈਡੋਅ ਮੰਤਰੀ ਹਨ ਨਾ ਕਿ ਕੈਬਨਿਟ। ਇਸ ਲਈ ਉਨ੍ਹਾਂ ਨੂੰ ਕਿਸੇ ਹੋਰ ਹਵਾਲੇ ਨਾਲ ਪੇਸ਼ ਕਰਨ ਉਨ੍ਹਾਂ ਦੀ ਅਸਲ ਸਥਿਤੀ ਦੀ ਨੁਮਾਇੰਦਗੀ ਨਹੀਂ ਕਰਦਾ। ਇਸ ਨੂੰ ਬਦਲਿਆ ਜਾਣਾ ਚਾਹੀਦਾ ਹੈ।

ਵੈੱਬਪੇਜ ਵਿੱਚ ਸੋਧ ਕੀਤੇ ਜਾਣ ਤੋਂ ਪਹਿਲਾਂ ਸ਼ੀਅਰ ਨੂੰ ਭੇਜੇ ਗਏ ਪੱਤਰ ਵਿੱਚ ਆਖਿਆ ਗਿਆ ਕਿ ਇਹ ਬੜੀ ਹੀ ਹੈਰਾਨੀ ਵਾਲੀ ਗੱਲ ਹੈ ਕਿ ਪਾਰਟੀ ਇਸ ਈਵੈਂਟ ਵਿੱਚ ਸ਼ਾਮਲ ਹੋਣ ਵਾਲਿਆਂ ਨੂੰ ਭਵਿੱਖ ਦਾ ਮੰਤਰੀ ਦੱਸ ਕੇ ਪ੍ਰਮੋਟ ਕਰ ਰਹੀ ਹੈ। ...ਬਾਕੀ ਪੰਨਾ 6 'ਤੇ

## ਅੰਦਰ ਪੜ੍ਹੋ

ਚੋਣ ਕਮਿਸ਼ਨ ਵੱਲੋਂ ਮੋਦੀ ਨੂੰ ਵੱਡਾ ਝਟਕਾ, ਬਾਇਓਪਿਕ ਫਿਲਮ ਉੱਤੇ ਰੋਕ ਲਾ ਦਿੱਤੀ


ਪੰਨਾ 03

ਮੋਦੀ ਵੱਲੋਂ ਵੋਟਾਂ ਲਈ ਫੌਜਾਂ ਦਾ ਨਾਂਅ ਵਰਤਣ ਕਾਰਨ ਅਮਰਿੰਦਰ ਵੱਲੋਂ ਚੋਣ ਕਮਿਸ਼ਨ ਨੂੰ ਸ਼ਿਕਾਇਤ


ਪੰਨਾ 04

AUTO & HOME INSURANCE
Super visa Insurance
Life & Disability
Critical illness
RESP
Visitor & Travel insurance
All Care Insurance Inc. (416-845-1352) Manwinder Mangat Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

ਕੀ ਤੁਸੀ ਕਾਕਰੋਚ, ਚੂੱਹੇ, ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋ ਤੇ ਬੈਡ ਬੱਗਾਂ ਨੇ ਤੁਹਾਡੀ ਰਾਤਾਂ ਦੀ ਨਿੰਦ ਖਰਾਬ ਕੀਤੀ ਹੋਈ ਹੈ?
ਟਰੀਟਮੈਂਟ ਕਰਵਾਈ ਸੀ ਪਰ ਬਣੀ ਨੀ ਗੱਲ? ਤਾਂ ਘਬਰਾਓ ਨਾ ਟਰਾਂਟੋ ਪੈਸਟ ਅਰੈਸਟ ਵਾਲੇ ਕਰਨਗੇ ਪੱਕਾ ਹਲ !
Toronto Pest Arrest
Pest Control Services
Residential /Commercial/Industrial
ਕਾਲ ਕਰੋ: 647-515-8000
ਘੱਟ ਕੀਮਤ ਦੀ ਨਹੀ, ਪਰ ਸਿੱਕੇ ਬੰਦ ਕੰਮ ਦੀ ਗਰੰਟੀ ਹੈ
*Insured & Licensed

INSURANCE
Life / Disability / Critical Illness
Super Visa / Visitor / Travel /
RRSP / RESP /
SHEVINDER SIDHU Insurance Advisor
416-557-8080
shevindersidhu@gmail.com
10-7003 Steeles Ave. West, Etobicoke

HELPING YOUR PLAN TODAY......FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovarid Dr. W. Brampton,ON,L6X0T9

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

HSBA TAX SERVICES
Personal/Corporation Tax
Bookkeeping Services
Business/Corporation Registration
HST/WSIB/ Payroll Tax
Tax Planning/Audits
Financial Statements
647-720-5278 Email: info@hsbatax.com | Prabhjot Kaur Sr. Accountant, M.B.A
20% Discount *For Students, New Immigrants and Senior Citizens
100 Maritime Ontario Blvd., Unit 77, Brampton, ON L6S 0E7

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
4515 Ebenezer Rd, Suite 211, Brampton, Ontario L6P2K7
Aman Sharma Open Saturday
Providing excellent quality legal services to our clients

Super Visa Insurance
Visitor Visa Insurance
Travel Insurance
Student Insurance
New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

ਕੀ ਤੁਸੀ ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋ?
MICE, COCKROACH, BEDBUG & ALL COMMON BUGS
All Pest Control
AFFORDABLE & RELIABLE
100% Customer Satisfaction
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator
647.990.3205

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780
905.796.7500
900 Raylawson Blvd. Unit # 6, Brampton

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

MANN LAW FIRM
Real Estate Law
Business Law
Wills & Estates
Family Law
Power of Attorney
Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

Royal Pest Control
Residential Commercial Industrial
Specialist in Bedbugs Service
All Pest Control :
Mouse & Rats
Spiders & Fleas
Bedbugs
Wasps
Cockroaches
Carpenter Ants
Silver Fish
Racoons
Call : PARESH PATEL (Government Approved Licensed Technician)
416 938 4598

KELLEY LAW OFFICE
Immigration
Real Estate
Family Law
Business Closing
Corporate
Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

CN Forklift Training Center
Counterbalance All Types
Walkie pallet Low Lift
Electric Motor Narrow Aisle Reach
Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

PUNJAB SINDH FINANCE
TRUCK/TRAILER LOAN & REFINANCE
PUNJAB SINDH FINANCE PSF EVERY $ MAKES A DIFFERENCE

ਨਵੇਂ ਪੁਰਾਣੇ ਟ੍ਰਕਾਂ/ਟ੍ਰੈਲਰਾਂ ਦੀ ਕੁਝ ਹੀ ਘੰਟਿਆਂ ਵਿੱਚ
Financing/Refinancing ਦਾ ਪੂਰਾ ਪ੍ਰਬੰਦ

- Quick Loan Approval Guranteed
- Bad credit........ No Problem
- Low Down Payment
- Lowest Rate of Interest
- Paper Work...... Minimum
- Best Flexible Terms & Conditions

Gary Chatha
President
647.227.3385
info@punjabsindhfinance.com
905.440.0000

6665 Tomken Rd #202, Mississauga, ON L5T 2C5 (Tomken/Midway)

TOTAL HOME Windows & Doors
ਮੰਨ ਪਸੰਦ ਦੀਆਂ ਖਿੜਕੀਆਂ ਤੇ ਦਰਵਾਜੇ ਲਗਵਾਉ ਤੇ ਢੇਰ ਸਾਰੀ ਬਚਤ ਪਾਓ!

WINTER & SPRING SPECIAL SALE

- WINDOWS
- FIBERGLASS DOORS
- STEEL DOORS
- SLIDING PATIO DOORS

Guaranteed lowest Price up to 50% OFF

- Honest & fair prices
- Professional installation
- High quality products
- First class service



For 5 Stars Reviews Online & Testimonial visit:
https://thwindowsdoors.com/testimonials/

Phone: 416-661-6666 | Toll Free: 1-855-550-0610
7250 Keele street, Unit 167, Vaughan, ON. L4K 1Z8
Email: info@thwindowsdoors.com | Web: thwindowsdoors.com

JR Chartered Professional Accountant
Rajwinder Johal
PROFESSIONAL CORPORATION

TAX SEASON!!!
For all your Accounting and Tax needs call 416 823 2556


Services offered:
- Personal Taxes starting at $40
- New business incorporation starting at $50
- Corporate taxes starting at $100
- Full Charge Bookkeeping and Accounting (monthly rate starting at $100), includes following: Accounts Receivable/ Payable/ Bank and Credit Card Reconciliations. Payroll preparation and source deduction filing. HST and WSIB registration Government remittances (HST/ ROE/ all T - slips and T4s. *QuickBooks online will be used, which provides you with an access to you books from anywhere the world.*

Please contact me today for more information!
Or visit my website: www.rjohalcpa.ca or Call (416) 823 2556.

ਮੂੰਹੋ ਬੋਲਦੀ Kitchen and Washroom ਬਣਵਾਓ

Pearson
Kitchen & Cabinet

Free Estimate
We Specialize in granite, quartz & marble countertops





We Specialize In:
100% Satisfaction On Time

- Kitchen Cabinets, Pantries & Floor tiles
- All Types of Range Hoods (etc.Heavy Duty, Noiseless)
- Installation of Washroom Vanities, Showers and bathroom tiles
- Many Counter-top options to choose from (Granite, Marble, Quartz; etc.)
- Custom Office Counters & Bar Installation
- We install all kinds of tiles and hardwood floor

ਵਾਜਿਬ ਦਾਮ ਤੇ ਸਮੇਂ ਸਿਰ ਕੰਮ
Call Vikramjit Sangha: 416-200-0931

Special Discount for Contractors | Buy Direct From The Factory
271 - Glidden Rd. Unit#5, Brampton (Kennedy&Glidden)

Data everywhere.
No surprise charges anywhere.

NEW
NATION-WIDE. NO ZONES.
TALK, TEXT & DATA PLANS
$35/MO.

chatr™ AUTHORIZED DEALER
379 Main St. North, Brampton, ON
905-451-0379
2456 Lake shore Blvd W., Etobicoke, ON

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

## ਅੱਜ ਨਾਮਾ

ਮੰਤਰੀ ਇੱਕ ਪੰਜਾਬ ਦਾ ਪਿਆ ਕਹਿੰਦਾ,
ਕਹਿਣਾ ਸੱਚ ਹੈ ਅਸਾਂ ਦਾ ਫਰਜ਼ ਮੀਆਂ।
ਸਰਕਾਰ ਸਾਡੀ ਤੇ ਸਾਡੀ ਨਾ ਸੁਣੀ ਜਾਵੇ,
ਮਾਮਲਾ ਬੜਾ ਹੈ ਯਾਰ ਅਸਚਰਜ ਮੀਆਂ।
ਮੇਰਾ ਚੇਲਾ ਇਕ ਘੇਰਿਆ ਪੁਲਸੀਆਂ ਨੇ,
ਕਰ ਕੇਸ ਵੀ ਦਿੱਤਾ ਫਿਰ ਦਰਜ ਮੀਆਂ।
ਸਾਡੇ ਕਿਹਾਂ ਵੀ ਬੰਦਾ ਨਹੀਂ ਛੁੱਟ ਸਕਦਾ,
ਸਾਡੀ ਸੁਣੀ ਨਾ ਕਿਸੇ ਵੀ ਅਰਜ਼ ਮੀਆਂ।
ਮੰਤਰੀ ਕੱਖ ਨਹੀਂ ਜਾਣਦਾ ਪੁਲਸ ਆਖੇ,
ਛੱਟਣ ਚੇਲੇ ਦਾ ਕਰੇ ਪਿਆ ਪੱਖ ਮੀਆਂ।
ਜਦੋਂ ਤੱਕ ਨੂੰ ਆਉਣੀ ਹੈ ਚੋਣ ਅਗਲੀ,
ਟਿਕੀ ਚੇਲੇ ਦੀ ਸੀਟ ਵੱਲ ਅੱਖ ਮੀਆਂ।

ਤੀਸ ਮਾਰ ਖਾਂ

# ਚੋਣ ਕਮਿਸ਼ਨ ਵੱਲੋਂ ਮੋਦੀ ਨੂੰ ਵੱਡਾ ਝਟਕਾ, ਬਾਇਓਪਿਕ ਫਿਲਮ ਉੱਤੇ ਰੋਕ ਲਾ ਦਿੱਤੀ ਗਈ

ਨਵੀਂ ਦਿੱਲੀ, 10 ਅਪਰੈਲ, (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਬਾਰੇ ਬਾਇਓਪਿਕ ਫਿਲਮ 'ਪੀ ਐੱਮ ਨਰਿੰਦਰ ਮੋਦੀ' ਦੇ ਸੰਬੰਧ ਵਿਚ ਅੱਜ ਚੋਣ ਕਮਿਸ਼ਨ ਨੇ ਇੱਕ ਵੱਡਾ ਫੈਸਲਾ ਲਿਆ, ਜਿਹੜਾ ਪ੍ਰਧਾਨ ਮੰਤਰੀ ਮੋਦੀ ਲਈ ਵੱਡਾ ਸਿਆਸੀ ਝਟਕਾ ਵੀ ਕਿਹਾ ਜਾ ਸਕਦਾ ਹੈ। ਚੋਣ ਕਮਿਸ਼ਨ ਨੇ ਪਾਰਲੀਮੈਂਟ ਚੋਣਾਂ ਸਿਰੇ ਚੜ੍ਹਨ ਤੱਕ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਇਸ ਬਾਇਓਪਿਕ ਫਿਲਮ ਉੱਤੇ ਪੱਕੀ ਰੋਕ ਲਾ ਦਿੱਤੀ ਹੈ, ਹਾਲਾਂਕਿ ਇਸ ਤੋਂ ਪਹਿਲਾਂ ਸੁਪਰੀਮ ਕੋਰਟ ਨੇ ਪ੍ਰਧਾਨ ਮੰਤਰੀ ਮੋਦੀ ਦੀ ਇਸ ਫਿਲਮ ਦੀ ਰੀਲੀਜ਼ ਉੱਤੇ ਰੋਕ ਲਾਉਣ ਤੋਂ ਨਾਂਹ ਕਰ ਦਿੱਤੀ ਸੀ।




ਵਰਨਣ ਯੋਗ ਹੈ ਕਿ ਸੁਪਰੀਮ ਕੋਰਟ ਨੇ ਕਿਹਾ ਸੀ ਕਿ 'ਪੀ ਐੱਮ ਨਰੇਂਦਰ ਮੋਦੀ' ਫਿਲਮ ਬਾਰੇ ਪਟੀਸ਼ਨ ਕਰਤਾ ਦੀ ਚਿੰਤਾ ਦਾ ਹੱਲ ਕਰਨ ਲਈ ਅਸਲੀ ਸੰਸਥਾ ਚੋਣ ਕਮਿਸ਼ਨ ਹੈ, ਕਿਉਂਕਿ ਇਹ ਸੰਵਿਧਾਨਕ ਨਿਆਂ ਹੈ। ਸੁਪਰੀਮ ਕੋਰਟ ਨੇ ਕਿਹਾ ਸੀ ਕਿ ਇਸ ਬਾਰੇ ਚੋਣ ਕਮਿਸ਼ਨ ਨੂੰ ਤੈਅ ਕਰਨਾ ਚਾਹੀਦਾ ਹੈ ਕਿ ਅਗਲੀਆਂ ਲੋਕ ਸਭਾ ਚੋਣਾਂ ਦੇ ਕਾਰਨ ਇਸ ਫਿਲਮ ਹੋਣ ਨਾਲ ਕਿਸੇ ਵਿਸ਼ੇਸ਼ ਰਾਜਨੀਤਕ ਪਾਰਟੀ ਨੂੰ ਲਾਭ ਜਾਂ ਉਸਦੇ ਪੱਖ ਵਿੱਚ ਕੋਈ ਖਾਸ ਝੁਕਾਅ ਤਾਂ ਪੈਦਾ ਨਹੀਂਹੁੰਦਾ, ਇਸ ਲਈ ਇਹ ਮੁੱਦਾ ਓਥੇ ਹੀਵਿਚਾਰਨਾ ਚਾਹੀਦਾ ਹੈ। ਇਸ ਬਾਇਓਪਿਕ ਫਿਲਮ ਵਿੱਚ ਪ੍ਰਧਾਨ ਮੰਤਰੀਨਰਿੰਦਰ ਮੋਦੀ ਦਾ ਕਿਰਦ-ਾਰ ਕਰਨ ਵਾਲੇ ਐਕਟਰ ਵਿਵੇਕ ਓਬਰਾਏ ਨੇ ਕੋਰਟ ਦੇ ਫ਼ੈਸਲੇ ਦੀ ਸ਼ਲਾਘਾ ਕੀਤੀ ਸੀ।

ਇਸ ਦੇ ਬਾਅਦ ਖਬਰਾਂ ਸਨ ਕਿ ਚੋਣ ਕਮਿਸ਼ਨ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਜੀਵਨ ਉੱਤੇ ਬਣੀ ਹੋਈ ਇਸ ਬਾਇਓਪਿਕ ਫਿਲਮ ਦੀ ਰਿਲੀਜ਼ ਨੂੰ ਰੋਕਣ ਦੀ ਕੋਈ ਸੰਭਾਵਨਾ ਨਹੀਂ ਹੈ ਤੇ ਇਸ ਫਿਲਮ ਦੇ ਮੁੱਦੇ ਨੂੰ ਸੀਬੀਐੱਫਸੀ (ਸੈਂਟਰਲ ਬੋਰਡ ਆਫ ਫਿਲਮ ਸਰਟੀਫਿਕੇਸ਼ਨ) ਦੇ ਫੈਸਲੇ ਉੱਤੇ ਛੱਡਿਆ ਜਾ ਸਕਦਾ ਹੈ। ਕਾਂਗਰਸ ਤੇ ਹੋਰ ਵਿਰੋਧੀ ਪਾਰਟੀਆਂ ਦਾ ਦਾਅਵਾ ਸੀ ਕਿ ਇਹ ਫਿਲਮ ਚੋਣਾਂ ਦੌਰਾਨ ਭਾਜਪਾ ਨੂੰ ਅਣ-ਉਚਿਤ ਮੁਨਾਫ਼ਾ ਦੇਵੇਗੀ ਤੇ ਚੋਣ ਖ਼ਤਮ ਹੋਣ ਤੱਕ ਇਸ ਦੀ ਰਿਲੀਜ ਟਾਲ ਦਿੱਤੀ ਜਾਣੀ ਚਾਹੀਦੀ ਹੈ। ਵਰਨਣ ਯੋਗ ਹੈ ਕਿ ਸੱਤ-ਪੜਾਵਾਂ ਵਿੱਚ ਹੋ ਰਹੀਆਂ ਲੋਕਸਭਾ ਚੋਣਾਂ 11 ਅਪ੍ਰੈਲ ਤੋਂ ਸ਼ੁਰੂ ਹੋ ਕੇ 19 ਮਈ ਤੱਕ ਚੱਲਣੀਆਂ ਹਨ ਅਤੇ ਬੀਤੀ 10 ਮਾਰਚ ਨੂੰ ਚੋਣਾਂ ਦੇ ਐਲਾਨ ਦੇ ਨਾਲ ਹੀ ਚੋਣ ਜ਼ਾਬਤਾ ਵੀ ਲਾਗੂ ਹੋ ਗਿਆ ਸੀ, ਜਿਹੜਾ ਜ਼ਾਬਤਾ ਸਾਰੀਆਂ ਪਾਰਟੀਆਂ ਤੇ ਉਮੀਦਵਾਰਾਂ ਨੂੰ ਇੱਕੋ ਜਿਹਾ ਮਾਹੌਲ ਪੇਸ਼ ਕਰਾਉਣ ਉੱਤੇ ਜ਼ੋਰ ਦਿੰਦਾ ਹੈ ਅਤੇ ਪੱਖ-ਪਾਤ ਤੋਂ ਸਰਕਾਰਾਂ ਤੇ ਸੰਸਥਾਵਾਂ ਨੂੰ ਰੋਕਦਾ ਹੈ।

## ਰਿਸ਼ਵਤ ਲੈਂਦਾ ਪਟਵਾਰੀ ਰੰਗੇ ਹੱਥੀਂ ਫੜਿਆ

ਰਈਆ, 10 ਅਪ੍ਰੈਲ (ਪੋਸਟ ਬਿਊਰੋ)- ਲੋਕ ਇਨਸਾਫ ਪਾਰਟੀ ਲੁਧਿਆਣਾ ਦੇ ਆਗੂ ਜਸਵੰਤ ਸਿੰਘ ਦੀ ਸ਼ਿਕਾਇਤ ਉਤੇ ਵਿਜੀਲੈਂਸ ਵਿਭਾਗ ਨੇ ਟਰੈਪ ਲਾ ਕੇ ਵਿਜੀਲੈਂਸ ਟੀਮ ਨੇ ਬਾਬਾ ਬਕਾਲਾ ਤਹਿਸੀਲ ਦਾ ਪਟਵਾਰੀ ਰਵਿੰ-ਦਰ ਸਿੰਘ (ਮਿੰਨੀ ਪਹਿਲਵਾਨ), ਜੋ ਪਟਵਾਰ ਸਰਕਲ ਦੋਲੋ ਨੰਗਲ ਵਿਖੇ ਤਾਇਨਾਤ ਸੀ, ਨੂੰ ਜਸਵੰਤ ਸਿੰਘ ਤੋਂ 20 ਹਜ਼ਾਰ ਰੁਪਏ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਫੜ ਲਿਆ ਤੇ ਥਾਣਾ ਵਿਜੀਲੈਂਸ ਅੰਮ੍ਰਿਤਸਰ ਵਿਖੇ ਕੇਸ ਦਰਜ ਕੀਤਾ ਹੈ। ਮਿਲੀ ਜਾਣਕਾਰੀ ਅਨੁਸਾਰ ਜਸਵੰਤ ਸਿੰਘ ਵਾਸੀ ਲੁਧਿਆਣਾ ਦੀ ਮਾਤਾ ਦੇ ਨਾਂ ਪਿੰਡ ਦੋਲੋ ਨੰਗਲ (ਬਾਬਾ ਬਕਾਲਾ ਸਾਹਿਬ) ਵਿਖੇ ਜਾਇਦਾਦ ਸੀ, ਜਿਹੜੀ ਉਸ ਦੀ ਮਾਂ ਦੀ ਮੌਤ ਮਗਰੋਂ ਜਸਵੰਤ ਸਿੰਘ ਦੇ ਨਾਂ ਵਿਰਾਸਤ ਇੰਤਕਾਲ ਚੜ੍ਹਨੀ ਸੀ। ਇਸ ਦੇ ਲਈ ਸਬੰਧਤ ਪਟਵਾਰੀ 35 ਹਜ਼ਾਰ ਰੁਪਏ ਰਿਸ਼ਵਤ ਮੰਗਦਾ ਸੀ। ਇਸ ਦਾ ਸੌਦਾ 30 ਹਜ਼ਾਰ ਰੁਪਏ ਵਿੱਚ ਤੈਅ ਹੋਇਆ ਤੇ 20 ਹਜ਼ਾਰ ਰੁਪਏ ਪੇਸ਼ਗੀ ਲੈਂਦਿਆਂ ਵਿਜੀਲੈਂਸ ਵਿਭਾਗ ਨੇ ਡੀ ਐਸ ਪੀ ਜਤਿੰਦਰ ਸਿੰਘ ਦੀ ਅਗਵਾਈ ਵਿੱਚ ਰੰਗੇ ਹੱਥੀਂ ਫੜ ਲਿਆ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

# ਅਮੇਠੀ ਤੋਂ ਨਾਮਜ਼ਦਗੀ ਭਰਨ ਵੇਲੇ ਰਾਹੁਲ ਗਾਂਧੀ ਵੱਲੋਂ ਜ਼ੋਰਦਾਰ ਰੋਡ ਸ਼ੋਅ

ਅਮੇਠੀ, 10 ਅਪਰੈਲ, (ਪੋਸਟ ਬਿਊਰੋ)- ਪਾਰਲੀਮੈਂਟ ਚੋਣਾਂ ਦੇ ਪੰਜਵੇਂ ਪੜਾਅ ਦੀ ਨਾਮਜ਼ਦਗੀ ਪ੍ਰਕਿਰਿਆ ਸ਼ੁਰੂ ਹੋਣ ਦੇ ਪਹਿਲੇ ਦਿਨ ਬੁੱਧਵਾਰ ਨੂੰ ਕਾਂਗਰਸ ਪਾਰਟੀ ਦੇ ਪ੍ਰਧਾਨ ਅਤੇ ਅਮੇਠੀ ਤੋਂ ਲੋਕ ਸਭਾ ਮੈਂਬਰ ਰਾਹੁਲ ਗਾਂਧੀ ਨੇ ਅਗਲੀ ਚੋਣ ਲਈ ਅੱਜ ਆਪਣਾ ਨਾਮਜ਼ਦਗੀ ਪੱਤਰ ਦਾਖ਼ਲ ਕਰ ਦਿੱਤਾ ਹੈ। ਇਸ ਮਕਸਦ ਲਈ ਰਾਹੁਲ ਗਾਂਧੀ ਅਤੇ ਉਨ੍ਹਾ ਦੀ ਭੈਣ ਤੇ ਕਾਂਗਰਸ ਦੀ ਜਨਰਲ ਸਕੱਤਰਪ੍ਰਿਅੰਕਾ ਗਾਂਧੀ ਵਾਡਰਾ, ਜਿਹੜੀ ਪੂਰਬੀ ਉੱਤਰ ਪ੍ਰਦੇਸ਼ ਦੀ ਇੰਚਾਰਜ ਵੀ ਹੈ, ਇਕ ਦਿਨ ਪਹਿਲਾਂ ਹੀ ਇਸ ਹਲਕੇ ਦੇ ਕੇਂਦਰੀ ਸ਼ਹਿਰ ਅਮੇਠੀ ਵਿੱਚ ਪਹੁੰਚ ਗਏ ਸਨ।



ਅੱਜ ਏਥੇ ਨਾਮਜ਼ਦਗੀ ਕਾਗਜ਼ ਪੇਸ਼ ਕਰਨ ਤੋਂ ਬਾਅਦ ਕੁਲੈਕਟ੍ਰੇਟ ਤੋਂ ਬਾਹਰ ਆਏ ਰਾਹੁਲ ਗਾਂਧੀ ਨੇ ਰਾਫੇਲ ਸੌਦੇ ਬਾਰੇ ਸੁਪਰੀਮ ਕੋਰਟ ਦੇ ਅੱਜ ਹੀ ਆਏ ਫ਼ੈਸਲੇ ਦਾ ਸਵਾਗਤ ਕੀਤਾ ਅਤੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਉਨ੍ਹਾਂ ਕਿਹਾ ਕਿ ਇਸ ਮੁੱਦੇ ਦੀ ਸਚਾਈ ਜਦੋਂ ਸਾਹਮਣੇ ਆਈ ਤਾਂ ਉਸ ਵਿੱਚ ਅਨਿਲ ਅੰਬਾਨੀ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਨਾਂ ਵੀ ਜ਼ਰੂਰ ਆਵੇਗਾ। ਫਰਾਂਸ ਨਾਲ ਹੋਏ ਰਾਫੇਲ ਜੰਗੂ ਜਹਾਜ਼ ਸੌਦੇ ਵਿੱਚ ਦੋਸ਼ਾਂ ਦੀ ਸੁਣਵਾਈ ਕਰਨ ਦੇਲਈ ਸੁਪਰੀਮ ਕੋਰਟ ਦੇ ਤਾਜ਼ਾ ਫ਼ੈਸਲੇ ਨੂੰ ਉਨ੍ਹਾਂ ਨੇ ਆਪਣੀ ਜਿੱਤ ਦੱਸਿਆ। ਉਨ੍ਹਾਂ ਕਿਹਾ ਕਿ ਮੈਂ ਹਮੇਸ਼ਾ ਤੋਂ ਕਹਿੰਦਾ ਰਿਹਾ ਹਾਂ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜਿੱਥੇ ਚਾਹੁਣ, ਮੇਰੇ ਨਾਲ ਬਹਿਸ ਕਰ ਲੈਣ, ਮੈਂ ਹਰ ਜਗ੍ਹਾ ਬਹਿਸ ਕਰਨ ਨੂੰ ਤਿਆਰ ਹਾਂ। ਇਸ ਤੋਂ ਪਹਿਲਾਂ ਕਾਂਗਰਸ ਉਮੀਦਵਾਰ ਰਾਹੁਲ ਗਾਂਧੀ ਨੇ ਗੌਰੀਗੰਜ ਤੋਂਅਮੇਠੀ ਤੱਕ ਜ਼ੋਰਦਾਰ ਰੋਡ ਸ਼ੋਅ ਕੀਤਾ, ਜਿਸ ਵਿੱਚ ਉਨ੍ਹਾਂ ਨਾਲ ਉਨ੍ਹਾਂ ਦੀ ਭੈਣ ਪ੍ਰਿਅੰਕਾ ਗਾਂਧੀ ਵਾਡਰਾ, ਜੀਜਾ ਰਾਬਰਟ ਵਾਡਰਾ ਅਤੇ ਪੱਛਮੀ ਉੱਤਰ ਪ੍ਰਦੇਸ਼ ਦੇ ਪਾਰਟੀ ਇੰਚਾਰਜ ਜਯੋਤੀਰਾਦਿੱਤਿਆ ਸਿੰਧਿਆ ਵੀ ਮੌਜੂਦ ਰਹੇ। ਇਸ ਸ਼ੋਅ ਵਿੱਚ ਲੋਕਾਂ ਦੀ ਭਾਰੀ ਗਿਣਤੀ ਸੀ।

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

# ਬ੍ਰਿਟਿਸ਼ ਪ੍ਰਧਾਨ ਮੰਤਰੀ ਨੇ ਜਲ੍ਹਿਆਂਵਾਲਾ ਕਾਂਡ ਨੂੰ ਇਤਿਹਾਸ ਉੱਤੇ ਸ਼ਰਮਨਾਕ ਧੱਬਾ ਕਿਹਾ

ਲੰਡਨ, 10 ਅਪਰੈਲ, (ਪੋਸਟ ਬਿਊਰੋ)- ਬ੍ਰਿਟੇਨ ਦੀ ਪ੍ਰਧਾਨ ਮੰਤਰੀ ਥੈਰੇਸਾ ਮੇਅ ਨੇ ਜਲ੍ਹਿਆਂਵਾਲਾ ਬਾਗ ਕਤਲੇਆਮ ਨੂੰ ਬ੍ਰਿਟਿਸ਼ ਭਾਰਤੀ ਇਤਿਹਾਸ ਉੱਤੇ ਸ਼ਰਮਨਾਕ ਧੱਬਾਕਰਾਰ ਦਿੱਤਾ ਹੈ, ਪਰ ਬ੍ਰਿਟਿਸ਼ ਰਾਜ ਵਿਚ ਹੋਏ ਇਸ ਕਹਿਰ ਲਈ ਉਨ੍ਹਾਂ ਨੇ ਆਪਣੀ ਸਰਕਾਰ ਵੱਲੋਂ ਰਸਮੀ ਤੌਰ ਉੱਤੇ ਮੁਆਫ਼ੀ ਨਹੀਂ ਮੰਗੀ।

ਵਰਨਣ ਯੋਗ ਹੈ ਕਿ ਅੰਮ੍ਰਿਤਸਰ ਦੇ ਜਲ੍ਹਿਆਂਵਾਲਾ ਬਾਗ ਵਿਚ ਇੱਕ ਸਦੀ ਪਹਿਲਾਂ ਵਿਸਾਖੀ ਦੇ ਦਿਨ ਇਕੱਠੇ ਹੋਏ ਨਿਹੱਥੇ ਲੋਕਾਂ ਨੂੰ ਘੇਰ ਕੇ ਚਾਰੇ ਪਾਸਿਓਂ ਗੋਲ਼ੀਆਂ ਚਲਾਈਆਂ ਗਈਆਂ ਸਨ, ਜਿਸ ਦੌਰਾਨ ਵੱਡੀ ਗਿਣਤੀ ਵਿਚ ਲੋਕਾਂ ਦੀ ਮੌਤ ਹੋ ਗਈ ਸੀ।ਬ੍ਰਿਟਿਸ਼ ਪਾਰਲੀਮੈਂਟ ਦੇ ਹੇਠਲੇ ਸਦਨ 'ਹਾਊਸ ਆਫ ਕਾਮਨਜ਼' ਵਿਚ ਜਲ੍ਹਿਆਂਵਾਲਾ ਬਾਗ ਦੇ ਕਤਲਕਾਂਡ ਉੱਤੇ ਬਹਿਸ ਮੌਕੇ ਸਾਰੀਆਂ ਪਾਰਟੀਆਂ ਦੇ ਮੈਂਬਰਾਂ ਨੇ ਸਰਕਾਰ ਵੱਲੋਂ ਮੁਆਫ਼ੀ ਮੰਗੇ ਜਾਣ ਦੀ ਮੰਗ ਕੀਤੀ ਸੀ, ਪ੍ਰੰਤੂ ਪ੍ਰਧਾਨ ਮੰਤਰੀ ਥੈਰੇਸਾ ਮੇਅ ਨੇ ਆਪਣੇ ਪ੍ਰਸ਼ਨ-ਉੱਤਰ ਪ੍ਰੋਗਰਾਮ ਵਿਚ ਇਸ ਘਟਨਾ ਵਾਸਤੇ ਮੁਆਫ਼ੀ ਨਹੀਂ ਮੰਗੀ। ਉਨ੍ਹਾਂ ਨੇ ਵੀ ਇਸ ਘਟਨਾ ਉੱਤੇ ਦੁੱਖ ਪ੍ਰਗਟਾਇਆ, ਜਿਵੇਂ ਬ੍ਰਿਟੇਨ ਦੀ ਸਰਕਾਰ ਇਸ ਤੋਂ ਪਹਿਲੇ ਕਰ ਚੁੱਕੀ ਹੈ।

ਪ੍ਰਧਾਨ ਮੰਤਰੀ ਥੈਰੇਸਾ ਮੇਅ ਨੇ ਇਸ ਬਿਆਨ ਵਿਚ ਕਿਹਾ ਕਿ 1919 ਦੀ ਜਲ੍ਹਿਆਂਵਾਲਾ ਬਾਗ ਦੀਘਟਨਾ ਬ੍ਰਿਟੇਨ ਅਤੇ ਭਾਰਤ ਦੇ ਇਤਿਹਾਸ ਉੱਤੇਸ਼ਰਮਨਾਕ ਦਾਗ ਹੈ, ਜਿਵੇਂਮਹਾਰਾਣੀ ਐਲਿਜ਼ਬੈੱਥ ਨੇ 1997 ਵਿੱਚ ਜਲ੍ਹਿਆਂਵਾਲਾ ਬਾਗ ਦੀ ਯਾਤਰਾ ਵੇਲੇ ਕਿਹਾ ਸੀ ਕਿ ਉਹ ਭਾਰਤ ਨਾਲ ਸਾਡੇ ਪੁਰਾਣੇ ਇਤਿਹਾਸ ਦੀ ਇਕ ਕਸ਼ਟਦਾਇਕ ਮਿਸਾਲ ਹੈ।

ਜਲ੍ਹਿਆਂਵਾਲਾ ਬਾਗ ਕਤਲੇਆਮ ਨੂੰ ਇਸ ਵਿਸਾਖੀ ਵੇਲੇ ਸੌ ਸਾਲ ਹੋ ਜਾਣਗੇ। 13 ਅਪ੍ਰੈਲ 1919 ਨੂੰ ਵਿਸਾਖੀ ਦੇ ਦਿਨ ਜਲ੍ਹਿਆਂਵਾਲਾ ਬਾਗ ਵਿੱਚ ਜਮ੍ਹਾਂ ਹੋਏ ਆਜ਼ਾਦੀ ਪਰਵਾਨਿਆਂ ਉੱਤੇਬ੍ਰਿਟਿਸ਼ ਫੌਜ ਦੇ ਕਰਨਲ ਡਾਇਰ ਦੀ ਅਗਵਾਈ ਹੇਠ ਬ੍ਰਿਟਿਸ਼ ਭਾਰਤੀ ਫ਼ੌਜ ਨੇ ਅੰਨ੍ਹੇਵਾਹ ਗੋਲ਼ੀ ਚਲਾਈ ਸੀ। ਬਾਗ ਦੇ ਚਾਰੇ ਪਾਸੇ ਚਾਰਦੀਵਾਰੀ ਸੀ ਤੇਫ਼ੌਜ ਨੇ ਨਿਕਾਸ ਦਾ ਹਰ ਰਸਤਾ ਘੇਰ ਲਿਆ ਸੀ। ਅਚਾਨਕ ਹੋਈ ਗੋਲ਼ੀਬਾਰੀ ਵਿੱਚ ਇਥੇ ਜਮ੍ਹਾਂ ਹੋਏ ਲੋਕਾਂ ਵਿਚਕਾਰ ਭਾਜੜ ਮੱਚ ਗਈ। ਓਦੋਂ ਇਸ ਗੋਲ਼ੀਬਾਰੀ ਵਿੱਚ ਕਰੀਬ ਇਕ ਹਜ਼ਾਰ ਲੋਕਾਂ ਦੀ ਮੌਤ ਹੋਈ ਸੀ, ਪ੍ਰੰਤੂ ਬ੍ਰਿਟਿਸ਼ ਸਰਕਾਰ ਨੇ ਇਹਗਿਣਤੀ ਲਗਪਗ ਚਾਰ ਸੌ ਦੱਸੀ ਸੀ। ਇਸ ਵਿਚ ਔਰਤਾਂਅਤੇ ਬੱਚੇ ਵੀ ਸਨ, ਜਿਹੜੇ ਵਿਸਾਖੀ ਕਾਰਨ ਬਾਗ ਵਿਚ ਘੁੰਮਣ ਲਈ ਆਏ ਹੋਏ ਸਨ। ਇਸ ਘਟਨਾ ਵਿੱਚਇੱਕ ਹਜ਼ਾਰ ਤੋਂਵੱਧ ਲੋਕ ਜ਼ਖ਼ਮੀ ਵੀ ਹੋਏ ਸਨ।

ਉਸ ਤੋਂ ਪਹਿਲਾਂ ਬ੍ਰਿਟਿਸ਼ ਸਰਕਾਰ ਨੇ 1919 ਵਿੱਚ ਭਾਰਤ ਦੇ ਲਈ ਕੁਝ ਨਵੇਂ ਕਾਨੂੰਨ ਲਾਗੂ ਕੀਤੇ ਸਨ ਤੇ ਇਸ ਲੜੀ ਵਿੱਚ ਛੇ ਫਰਵਰੀ 1919 ਨੂੰ ਬ੍ਰਿਟਿਸ਼ ਇੰਪੀਰੀਅਲ ਲੈਜਿਸਲੇਟਿਵ ਕੌਂਸਲ ਵਿੱਚ 'ਰੌਲਟ ਐਕਟ' ਪਾਸ ਹੋਇਆ ਸੀ। ਇਸ ਕਾਨੂੰਨ ਅਨੁਸਾਰ ਭਾਰਤ ਦੀ ਬ੍ਰਿਟਿਸ਼ ਸਰਕਾਰ ਕਿਸੇ ਵੀ ਵਿਅਕਤੀ ਨੂੰ ਦੇਸ਼-ਧ੍ਰੋਹ ਦੇ ਸ਼ੱਕ ਹੇਠ ਗ੍ਰਿਫ਼ਤਾਰ ਕਰ ਕੇ ਉਸ ਨੂੰ ਜਿਊਰੀ ਦੇ ਸਾਹਮਣੇ ਪੇਸ਼ ਕੀਤੇ ਬਿਨਾਂ ਜੇਲ੍ਹ ਵਿੱਚ ਸੁੱਟ ਸਕਦੀ ਸੀ ਤੇ ਪੁਲਿਸ ਦੋ ਸਾਲ ਤਕ ਬਿਨਾਂ ਕਿਸੇ ਜਾਂਚ ਦੇ ਕਿਸੇ ਵੀ ਵਿਅਕਤੀ ਨੂੰ ਹਿਰਾਸਤ ਵਿਚ ਰੱਖ ਸਕਦੀ ਸੀ। ਮਹਾਤਮਾ ਗਾਂਧੀ ਸਣੇ ਕਈ ਆਗੂਆਂ ਨੇ ਇਸ ਦਾ ਵਿਰੋਧ ਕੀਤਾ ਸੀ ਅਤੇ ਮਹਾਤਮਾ ਗਾਂਧੀ ਨੇ ਇਸੇ ਕਾਨੂੰਨ ਵਿਰੁੱਧ 'ਸਤਿਆਗ੍ਰਹਿ' ਅੰਦੋਲਨ ਦੇਸ਼ ਵਿਚ ਸ਼ੁਰੂ ਕੀਤਾ ਸੀ। ਇਸ ਅੰਦੋਲਨ ਵਿੱਚ ਅੰਮ੍ਰਿਤਸਰ ਸ਼ਹਿਰ ਵਿਚ ਵੀ 6 ਅਪ੍ਰੈਲ 1919 ਵਿੱਚ ਹੜਤਾਲ ਕਰ ਕੇ ਰੌਲਟ ਐਕਟ ਦਾ ਵਿਰੋਧ ਕੀਤਾ ਗਿਆ ਸੀ। ਇਸ ਪਿੱਛੋਂਸਤਿਆਗ੍ਰਹਿ ਦਬਾਉਣ ਲਈ ਬ੍ਰਿਟਿਸ਼ ਸਰਕਾਰ ਨੇ ਪੰਜਾਬ ਦੇ ਪ੍ਰਸਿੱਧ ਨੇਤਾਵਾਂ ਨੂੰ ਗ੍ਰਿਫ਼ਤਾਰ ਕਰ ਲਿਆ ਸੀ, ਜਿਸ ਦੇ ਵਿਰੋਧ ਵਿਚ ਜਲ੍ਹਿਆਂਵਾਲਾ ਬਾਗ ਵਿੱਚ ਲਗਪਗ 20 ਹਜ਼ਾਰ ਲੋਕ ਜਮ੍ਹਾਂ ਹੋਏ ਸਨ।

UK TRUCK TRAINING CENTRE
ukttc
PCC #179958
Registered as a Private Careers College
Forklift $79 Recertification
Automatic & Manual Trucks
○1:1 Training
Forklift Training
Reach Truck
Counterbalance
Air Brake Classes Sat-Sun 8am to 4pm
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ
Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 647-208-7011 437-219-1502

SherGill Law Firm
Barrister, Solicitor & Notary Public
Services:
• Real Estate
• Family Law
• Residential, Commercial, Franchise
• Affidavit, Power Of Attorney & Notarization
• Criminal Law
• Immigration Matters
Paramjit Singh Gill (MBA,LL.B.)
Phone : 905-790-3636
LAW
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B &C ਪੀਲੀਆ
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼ Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ। ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ ਦਾ ਵੀ ਸ਼ਰਤੀਆ ਇਲਾਜ ਹੈ।
ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਬਾਇਪਾਸ ਸਰਜਰੀ ਤੋ ਬਚਾਉ ਦਾ ਪੱਕਾ ਇਲਾਜ।
ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ ਜਾਂ ਰੁਕਣਾ। ਜੇਕਰ ਤੁਸੀਂ Stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ। ਸਰਜਰੀ ਅਤੇ Stunt ਤੋਂ ਬੱਚਣ ਲਈ ਸਾਡੇ ਕੋਲ ਤੱਸਲੀਬੱਖਸ਼ ਇਲਾਹ ਹੈ।
ਆਪਣੀ ਚਿਹਰੇ ਦੀ ਖੂਬਸੂਰਤੀ ਨੂੰ ਵਧਾਓ, ਜ਼ਿੱਦੀ ਛਾਈਆਂ ਵਰਗੀ ਨਾਮੁਰਾਦ ਬਿਮਾਰੀ ਤੋਂ ਹਮੇਸ਼ਾ ਲਈ ਛੁਟਕਾਰਾ ਪਾਓ। ਸਿਰ ਵਿੱਚ ਸਿਕਰੀ/dandruf ਦਾ ਪੱਕਾ ਇਲਾਜ।
Exima, ਬਵਾਸੀਰ ਦਾ ਪੱਕਾ ਇਲਾਜ ਹੈ ਅੱਖਾਂ ਲਾਲ, ਨਕ ਵਧਣਾ, ਖਾਜ ਹੋਣੀ ਫੁਲਾਂ ਤੋ ਅਤੇ ਘਾਹ ਤੋ ਅਲਰਜੀ, Sinus, Headache, running nose, sneezing ਆਦਿ ਤਕਲੀਫਾਂ ਦਾ ਵੀ ਜੜੋ ਇਲਾਜ ਹੈ। ਕਬਜ਼ ਦਾ ਇਲਾਜ ਤੇ ਸ਼ਰਾਬ ਛਡਣ ਦਾ ਸ਼ਰਤੀਆ ਇਲਾਜ,ਅੱਡੀਆਂ ਦੀਆਂ ਹੱਡੀਆਂ ਵੱਧ ਜਾਣਾ ਤੇ ਪੈਰਾਂ ਦੀਆਂ ਭੌਰੀਆਂ ਦਾ ਪੱਕਾ ਇਲਾਜ ਹੈ।
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ
NO SIDE EFFECTS
100% Natural Cure ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593

# ਮੋਦੀ ਵੱਲੋਂ ਵੋਟਾਂ ਲਈ ਫੌਜਾਂ ਦਾ ਨਾਂਅ ਵਰਤਣ ਕਾਰਨ ਅਮਰਿੰਦਰ ਵੱਲੋਂ ਚੋਣ ਕਮਿਸ਼ਨ ਨੂੰ ਸ਼ਿਕਾਇਤ



ਚੰਡੀਗੜ੍ਹ, 10 ਅਪਰੈਲ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅੱਜ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਉੱਤੇਚੋਣਾਂ ਵਿੱਚਫੌਜਾਂ ਦਾਂ ਨਾਂਅ ਵਰਤ ਕੇ ਚੋਣ ਜ਼ਾਬਤੇ ਦੀ ਉਲੰਘਣਾ ਕਰਨ ਦਾ ਦੋਸ਼ ਲਾਇਆ ਹੈ। ਉਨ੍ਹਾਂ ਨੇ ਚੋਣ ਕਮਿਸ਼ਨ ਨੂੰ ਸ਼ਿਕਾਇਤ ਭੇਜੀ ਹੈ ਕਿ ਪ੍ਰਧਾਨ ਮੰਤਰੀ ਮੋਦੀ ਨੇ ਮਹਾਰਾਸ਼ਟਰ ਵਿੱਚ ਚੋਣ ਪ੍ਰਚਾਰ ਦੌਰਾਨ ਬਾਲਾਕੋਟ ਹਮਲੇ ਦਾ ਨਾਂ ਲਿਆ ਤੇ ਹਵਾਈ ਹਮਲੇ ਦੇ ਨਾਂ ਉੱਤੇ ਵੋਟਾਂ ਮੰਗੀਆਂ, ਜੋ ਚੋਣ ਜ਼ਾਬਤੇ ਦੀ ਉਲੰਘਣਾ ਹੈ।

ਇਸ ਬਾਰੇ ਭਾਰਤ ਦੇ ਮੁੱਖ ਚੋਣ ਕਮਿਸ਼ਨਰ ਸੁਨੀਲ ਅਰੋੜਾ ਨੂੰ ਲਿਖੇ ਗਏ ਪੱਤਰ ਵਿੱਚ ਕੈਪਟਨ ਅਮਰਿੰਦਰ ਸਿੰਘ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਉੱਤੇ ਦੋਸ਼ ਲਾਇਆ ਕਿ ਉਹ ਭਾਰਤੀ ਹਵਾਈ ਫ਼ੌਜ ਵੱਲੋਂ ਬਾਲਾਕੋਟ ਹਵਾਈ ਹਮਲਿਆਂ ਦੀ ਸਫਲਤਾ ਉੱਤੇ ਵੋਟਰਾਂ ਨੂੰ ਲੁਭਾਉਣ ਲਈ ਪੁਲਵਾਮਾ ਹਮਲੇ ਦੇ ਸ਼ਹੀਦਾਂ ਦੇ ਬਲੀਦਾਨ ਦੇ ਜ਼ਿਕਰ ਕਰ ਕੇ ਚੋਣ ਲਾਭਾਂ ਦੇ ਲਈ ਵਰਤਣ ਦਾ ਯਤਨ ਕਰ ਰਹੇ ਹਨ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਇਸ ਤਰ੍ਹਾਂ ਨਾ ਸਿਰਫ ਚੋਣ ਜ਼ਾਬਤੇ ਦੀ ਉਲੰਘਣਾ ਹੁੰਦੀ ਹੈ, ਸਗੋਂ ਪ੍ਰਧਾਨ ਮੰਤਰੀ ਦੇ ਕੱਦ ਵਾਲੇ ਵਿਅਕਤੀ ਵੱਲੋਂਇਸ ਤਰ੍ਹਾਂ ਵੋਟ ਮੰਗਣ ਦੇ ਨਾਲ ਚੋਣਾਂ ਦੀ ਲੋਕਤੰਤਰੀ ਪ੍ਰਕਿਰਿਆ ਵੀ ਮਜ਼ਾਕ ਬਣਾ ਦਿੱਤੀ ਗਈ ਹੈ ਤੇ ਇਹ ਕਦਮ ਭਾਰਤ ਦੇ ਚੋਣ ਕਮਿਸ਼ਨ ਦੀ ਆਜ਼ਾਦੀ ਦੇ ਨਾਲ ਹਥਿਆਰਬੰਦ ਫੋਰਸਾਂ ਨੂੰ ਵੀ ਕਮਜ਼ੋਰ ਕਰਦਾ ਹੈ, ਜਿਨ੍ਹਾਂ ਦੇ ਧਰਮ ਨਿਰਪੱਖ ਚਰਿੱਤਰ ਉੱਤੇਹਮੇਸ਼ਾ ਮਾਣ ਕੀਤਾ ਜਾਂਦਾ ਹੈ। ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਕਿਹਾ ਕਿ ਚੋਣ ਕਮਿਸ਼ਨ ਏਦਾਂ ਦੀ ਬਿਆਨਬਾਜ਼ੀ ਗੰਭੀਰਤਾ ਨਾਲ ਨਹੀਂ ਲੈ ਰਿਹਾ, ਜਦਕਿ ਪ੍ਰਧਾਨ ਮੰਤਰੀ ਪਿਛਲੇ ਕੁਝ ਹਫ਼ਤਿਆਂ ਤੋਂ ਲਗਾਤਾਰ ਏਦਾਂ ਦੀ ਬਿਆਨਬਾਜ਼ੀ ਕਰ ਰਹੇ ਹਨ, ਜਿਸ ਤੋਂ ਜਾਪਦਾ ਹੈ ਕਿ ਚੋਣ ਕਮਿਸ਼ਨ ਕਿਸੇ ਪਹਿਲਾਂਬਣੀ ਧਾਰਨਾ ਤੋਂਪ੍ਰਭਾਵਤ ਹੈ। ਉਨ੍ਹਾਂ ਕਿਹਾ ਕਿ ਚੋਣ ਕਮਿਸ਼ਨ ਨੇ ਸਿਆਸੀ ਧਿਰਾਂ ਨੂੰ ਆਪਣੀ ਮੁਹਿੰਮ ਵਿੱਚਫੌਜਾਂ ਤੇ ਰੱਖਿਆ ਨਾਲ ਸੰਬੰਧਤ ਹੋਰ ਫੋਰਸਾਂ ਦੇ ਮੁਲਾਜ਼ਮਾਂ ਦੀਆਂ ਫੋਟੋ ਦੀ ਵਰਤੋਂ ਨਾ ਕਰਨ ਲਈ ਕਿਹਾ ਸੀ ਅਤੇ ਫ਼ੌਜ ਦੇ ਨਾਂਅ ਉੱਤੇ ਸਿਆਸਤ ਨਾ ਕਰਨ ਦੇ ਵੀ ਨਿਰਦੇਸ਼ ਦਿੱਤੇ ਸਨ, ਇਸ ਦੇ ਬਾਵਜੂਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸ਼ਹੀਦਾਂ ਦੀਆਂ ਗੱਲਾਂ ਦਾ ਜ਼ਿਕਰ ਕਰਦੇ ਤੇ ਵੋਟਾਂ ਲੈਣ ਦੀ ਕੋਸ਼ਿਸ਼ਵਿੱਚ ਉਨ੍ਹਾਂ ਦੇ ਬਲੀਦਾਨ ਦਾ ਜ਼ਿਕਰ ਕਰ ਕੇ ਲਾਭ ਉਠਾਉਂਦੇ ਹਨ, ਜੋ ਕਿ ਚੋਣ ਕਮਿਸ਼ਨ ਦੇ ਨਿਰਦੇਸ਼ਾਂ ਦੀ ਉਲੰਘਣਾ ਹੈ। ਉਨ੍ਹਾਂ ਨੇ ਮਹਾਰਾਸ਼ਟਰ ਵਿੱਚ ਪ੍ਰਧਾਨ ਮੰਤਰੀ ਵੱਲੋਂ ਦਿੱਤੇ ਗਏ ਤਾਜ਼ਾ ਬਿਆਨ ਬਾਰੇ ਕਿਹਾ ਕਿ ਚੋਣ ਕਸ਼ਿਨ ਨੂੰ ਇਸ ਦਾ ਨੋਟਿਸ ਲੈਣਾ ਚਾਹੀਦਾ ਹੈ।

ਮੋਦੀ ਸਰਕਾਰ ਨੂੰ ਵੱਡਾ ਝਟਕਾ:

# ਸੁਪਰੀਮ ਕੋਰਟ ਵਿੱਚ ਸਰਕਾਰ ਦੇ ਇਤਰਾਜ਼ ਰੱਦ, ਰਾਫੇਲ ਸੌਦੇ ਦੀ ਫਿਰ ਸੁਣਵਾਈ ਹੋਵੇਗੀ


## * ਸਰਕਾਰ ਦੇ ਰੋਸ ਦੇ ਬਾਵਜੂਦ ਤਿੰਨ ਦਸਤਾਵੇਜ਼ਾਂ ਨੂੰ ਸਬੂਤ ਮੰਨਿਆ

ਨਵੀਂ ਦਿੱਲੀ, 10 ਅਪਰੈਲ, (ਪੋਸਟ ਬਿਊਰੋ)- ਫਰਾਂਸ ਨਾਲ ਕੀਤੇ ਗਏ ਰਾਫੇਲ ਜੰਗੀ ਜਹਾਜ਼ ਸੌਦੇ ਉੱਤੇਮੁੜ ਵਿਚਾਰ ਦੀ ਅਰਜ਼ੀ ਦੀ ਸੁਣਵਾਈ ਕਰਦੇ ਹੋਏ ਸੁਪਰੀਮ ਕੋਰਟ ਨੇ ਅੱਜ ਕੇਂਦਰ ਸਰਕਾਰ ਨੂੰ ਤਕੜਾ ਝਟਕਾ ਦਿੱਤਾ ਹੈ। ਕੋਰਟ ਨੇ ਇਸ ਕੇਸ ਵਿਚ ਸਰਕਾਰ ਦੇ ਇਤਰਾਜ਼ ਰੱਦ ਕਰ ਕੇ ਮੁੜ ਵਿਚਾਰ ਲਈ ਆਈਆਂ ਪਟੀਸ਼ਨਾਂ ਉੱਤੇ ਸੁਣਵਾਈ ਕਰਦੇ ਹੋਏ ਰਾਫੇਲ ਜਹਾਜ਼ ਸੌਦੇ ਨਾਲ ਸੰਬੰਧਿਤ ਤਿੰਨ ਦਸਤਾਵੇਜ਼ਾਂ ਨੂੰ ਸਬੂਤ ਵਜੋਂ ਮੰਨਣ ਦੀ ਇਜਾਜ਼ਤ ਦੇ ਦਿੱਤੀ ਹੈ।

ਇਸ ਦੇ ਬਾਅਦ ਸੁਪਰੀਮ ਕੋਰਟ ਇਨ੍ਹਾਂ ਦਸਤਾਵੇਜ਼ਾਂ ਦੇ ਆਧਾਰ ਉੱਤੇਰਾਫੇਲ ਜਹਾਜ਼ ਸੌਦੇ ਉੱਤੇ ਮੁੜ ਵਿਚਾਰ ਦੇ ਲਈਪਟੀਸ਼ਨਾਂ ਉੱਤੇ ਅੱਗੇ ਸੁਣਵਾਈ ਕਰੇਗੀ।ਸਰਕਾਰ ਅਜੇ ਤੱਕ ਇਨ੍ਹਾਂ ਪਟੀਸ਼ਨਾਂ ਵਿੱਚ ਸ਼ਾਮਲ ਸਾਰੇ ਦਸਤਾਵੇਜ਼ਾਂ ਨੂੰ ਵਿਸ਼ੇਸ਼ ਅਧਿਕਾਰੀ ਤੇ ਕੌਮੀ ਸੁਰੱਖਿਆ ਲਈ ਖ਼ਤਰਾ ਦੱਸ ਕੇ ਅਦਾਲਤ ਵਿਚ ਪੇਸ਼ ਕਰਨ ਤੇ ਇਨ੍ਹਾਂ ਨੂੰ ਜਨਤਕ ਕਰਨ ਦਾ ਵਿਰੋਧ ਕਰਦੀ ਆ ਰਹੀ ਸੀ। ਕੋਰਟ ਨੇ ਸਰਕਾਰ ਦੇ ਇਨ੍ਹਾਂ ਇਤਰਾਜ਼ਾਂ ਨੂੰ ਰੱਦ ਕਰ ਦਿੱਤਾ ਹੈ।

ਵਰਨਣ ਯੋਗ ਹੈ ਕਿ ਇਸ ਜਹਾਜ਼ ਸੌਦੇ ਬਾਰੇ ਸੁਪਰੀਮ ਕੋਰਟ ਦੇ 14 ਦਸੰਬਰ ਦੇ ਹੁਕਮ ਨੂੰ ਇਨ੍ਹਾਂ ਮੁੜ ਵਿਚਾਰ ਪਟੀਸ਼ਨਾਂ ਦੇ ਨਾਲਚੁਣੌਤੀ ਦਿੱਤੀ ਗਈ ਹੈ। ਉਸ 14 ਦਸੰਬਰ ਦੇ ਹੁਕਮ ਵਿਚ ਸੁਪਰੀਮ ਕੋਰਟ ਨੇ ਫਰਾਂਸ ਤੋਂ 36 ਰਾਫੇਲ ਫਾਈਟਰ ਜਹਾਜ਼ ਖਰੀਦਣ ਦੀ ਪ੍ਰਕਿਰਿਆ ਦੀ ਜਾਂਚ ਦਾ ਹੁਕਮ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਮੁੜ ਵਿਚਾਰ ਵਾਲੀਆਂ ਪਟੀਸ਼ਨਾਂ ਉੱਤੇ ਅੱਜ ਬੁੱਧਵਾਰ ਨੂੰ ਸੁਪਰੀਮ ਕੋਰਟ ਨੇ ਸਾਫਕਹਿ ਦਿੱਤਾ ਕਿ ਜਿੱਥੋਂ ਤਕ ਰਾਫੇਲ ਡੀਲ ਬਾਰੇ ਮੁੜ ਵਿਚਾਰ ਪਟੀਸ਼ਨਾਂ ਉੱਤੇ ਸੁਣਵਾਈ ਕਰਨ ਦਾ ਸਵਾਲ ਹੈ, ਇਹ ਸੁਣਵਾਈ ਬਾਅਦ ਵਿਚ ਵਿਸਥਾਰ ਨਾਲ ਕੀਤੀ ਜਾਵੇਗੀ, ਕੋਰਟ ਇਸ ਕੇਸਲਈ ਮੁੜ ਵਿਚਾਰ ਪਟੀਸ਼ਨ ਉੱਤੇ ਸੁਣਵਾਈ ਪਹਿਲਾਂ ਹੀ ਪੂਰੀ ਕਰ ਕੇਇਸ ਉੱਤੇ ਫ਼ੈਸਲਾ ਰਾਖਵਾਂ ਰੱਖ ਚੁੱਕੀ ਸੀ, ਜਿਸ ਦੇ ਐਲਾਨ ਕਰਨ ਲਈ ਅੱਜ ਬੁੱਧਵਾਰ ਦੀ ਤਰੀਕ ਮਿਥੀ ਗਈ ਸੀ।

# ਵਿਸਾਖੀ ਮੌਕੇ ਕੈਨੇਡੀਅਨ ਸਿੱਖ ਹੈਰੀਟੇਜ ਮੰਥ ਦੇ ਵਿਸੇਸ਼ ਚਿੱਤਰ ਦੀ ਟਰੂਡੋ ਵੱਲੋਂ ਸ਼ਲਾਘਾ




ਬਰੈਂਪਟਨ/ਬਿਊਰੋ ਨਿਊਜ਼ : ਕੈਨੇਡਾ ਦੇ ਉਨਟਾਰੀਓ ,ਬ੍ਰਿਟਿਸ ਕੋਲੰਬੀਆ ,ਅਲਬਰਟਾ ਆਦਿ ਸੂਬਿਆਂ ਵਿੱਚ ਵਿਸਾਖੀ ਨੂੰ ਸਮ੍ਰਪਿਤ ਅਪ੍ਰੈਲ ਮਹੀਨੇ ਵਿੱਚ ਮਨਾਏ ਜਾ ਰਹੇ ਸਿੱਖ ਹੈਰੀਟੇਜ ਮੰਥ ਨੂੰ ਸਾਰੇ ਕਨੇਡਾ ਵਿੱਚ ਤੇ ਸੁਮੱਚੇ ਭਾਈਚਾਰੇ ਵੱਲੋਂ ਬੜੀ ਜੋਸ਼ੋ ਖਰੋਸ਼ ਨਾਲ ਮਨਾਇਆ ਜਾ ਰਿਹਾ ਹੈ।ਉੱਥੇ ਸਿੱਖ ਹੈਰੀਟੇਜ ਬਟਨ ਦੇ ਰਚੇਤਾ ਬਲਜਿੰਦਰ ਸੇਖਾ ਵੱਲੋਂ ਇਸ ਵਾਰ ਪਹਿਲਾ ਕਨੇਡੀਅਨ ਸਿੱਖ ਹੈਰੀਟੇਜ ਮੰਥ ਦਾ ਚਿੱਤਰ ਤਿਆਰ ਕਰਕੇ ਸਮੂਹ ਕਨੇਡੀਅਨ ਭਾਈਚਾਰੇ ਨੂੰ ਭੇਟ ਕੀਤਾ ਗਿਆ ਹੈ । ਸੇਖਾ ਨੇ ਗੱਲ-ਬਾਤ ਦੌਰਾਨ ਦੱਸਿਆ ਕਿ ਉਹਨਾਂ ਵੱਲੋਂ ਇਹ ਉਪਰਾਲਾ ਪਰਿਵਾਰ ਤੇ ਦੋਸਤਾਂ ਦੇ ਸਹਿਯੋਗ ਨਾਲ ਨਿਰਸੁਆਰਥ ਕੀਤਾ ਗਿਆ ਹੈ।ਉਹਨਾ ਵੱਲੋਂ ਭੇਜੇ ਗਏ ਕਨੇਡੀਅਨ ਸਿੱਖ ਹੈਰੀਟੇਜ ਮੰਥ ਦੇ ਪਹਿਲੇ ਨਿਵੇਕਲੇ ਚਿੱਤਰ ਦੀ ਕਨੇਡਾ ਦੇ ਪ੍ਰਧਾਨ ਮੰਤਰੀ ਜਸ਼ਟਿਨ ਟਰੂਡੋ ਵਲੋ ਸ਼ਲਾਘਾ ਕੀਤੀ ਗਈ ਹੈ ਜਿਸ ਦੀ ਸੂਚਨਾ ਉਰਨਾ ਦੇ ਦਫਤਰ ਵਲੋ ਦਿੱਤੀ ਗਈ ਹੈ ।ਉਹਨਾ ਵੱਲੋਂ ਬਿਨਾ ਕਿਸੇ ਸੰਸਥਾ ਦੇ ਸਹਿਯੋਗ ਨਾਲ ਕੈਨੇਡੀਅਨ ਸਮਾਜ ਵਿੱਚ ਸਿੱਖੀ ਦੀਆਂ ਕਦਰਾਂ ਕੀਮਤਾਂ ਦੀ ਗੱਲ ਕਰਦੇ ਇਸ ਉਪਰਾਲੇ ਨੂੰ ਭਾਰੀ ਹੁੰਗਾਰਾ ਮਿਲ ਰਿਹਾ ਹੈ। ਜਿਸ ਕਰਕੇ ਸੁਮੱਚੇ ਮੀਡੀਏ ਤੋਂ ਇਲਾਵਾ ਸਾਰੇ ਕੈਨੇਡੀਅਨ ਭਾਈਚਾਰੇ ਇਸ ਕਾਰਜ ਲਈ ਸ਼ਲਾਘਾ ਕਰ ਕਨੇਡਾ ਹਨ।ਵਰਨਣਯੋਗ ਹੈ ਕਿ ਵੀਹ ਸੌ ਪੰਦਰਾਂ ਵਿੱਚ ਦੁਨੀਆ ਦੇ ਪਹਿਲੇ ਸਿੱਖ ਹੈਰੀਟੇਜ ਮੰਥ ਬਟਨ ਨੂੰ ਉਨਟਾਰੀਉ (ਕਨੇਡਾ) ਦੀ ਵਿਧਾਨ ਸਭਾ ਵਿੱਚ ਬਲਜਿੰਦਰ ਸੇਖਾ ਨੇ ਸਾਬਕਾ ਵਿਧਾਇਕ ਵਿੱਕ ਢਿੱਲੋਂ ਦੇ ਸਹਿਯੋਗ ਨਾਲ ਪੇਸ਼ ਕੀਤਾ ਸੀ।ਸ੍ਰੀ ਸੇਖਾ ਨੇ ਆਸ਼ ਪ੍ਰਗਟ ਕੀਤੀ ਬਹੁਸਭਿਆਚਾਰਿਕ ਦੇਸ਼ ਵਿੱਚ ਜਲਦ ਹੀ ਕਨੇਡਾ ਸਰਕਾਕ ਇਸ਼ ਮਹੀਨੇ ਨੂੰ ਫੈਡਰਲ ਪੱਧਰ ਤੇ ਮਾਨਤਾ ਦੇਵੇਗੀ ਸਮੂਹ ਕੈਨੇਡੀਅਨ ਭਾਈਚਾਰੇ ਵਲੋਂ ਇਸਦੀ ਭਰਪੂਰ ਉਡੀਕ ਕੀਤੀ ਜਾ ਰਹੀ ਹੈ।

# 13 ਅਪ੍ਰੈਲ ਨੂੰ ਟੀ.ਪੀ.ਏ.ਆਰ. ਕਲੱਬ ਤੇ ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਂਡੇਸ਼ਨ ਦੇ ਮੈਂਬਰ ਇਕੱਠੇ ਚੜ੍ਹਨਗੇ ਸੀ.ਐੱਨ. ਟਾਵਰ ਦੀਆਂ ਪੌੜੀਆਂ



ਬਰੈਂਪਟਨ, (ਡਾ. ਝੰਡ) - ਟੋਰਾਂਟੋ ਪੀਅਰਸਨ ਏਅਰਪੋਰਟ ਰੱਨਰਜ਼ ਕਲੱਬ (ਟੀ.ਪੀ.ਏ.ਆਰ. ਕਲੱਬ) ਅਤੇ ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਂਡੇਸ਼ਨ ਜੋ ਕਿ ਹਰ ਸਾਲ ਮਈ ਮਹੀਨੇ ਵਿਚ 'ਇੰਸਪੀਰੇਸ਼ਨਲ ਸਟੈੱਪਸ ਮੈਰਾਥਨ' ਤੇ ਕਈ ਹੋਰ ਈਵੈਂਟ ਕਰਵਾਉਂਦੀ ਹੈ, ਦੇ ਮੈਂਬਰ ਮਿਲ ਕੇ ਇੱਕੋ ਹੀ ਬੈਨਰ ਹੇਠ 13 ਅਪ੍ਰੈਲ ਦਿਨ ਸ਼ਨੀਵਾਰ ਨੂੰ ਸੀ.ਐੱਨ. ਟਾਵਰ ਦੀਆਂ ਪੌੜੀਆਂ ਚੜ੍ਹਨ ਦੇ ਮਹਾਨ ਈਵੈਂਟ ਵਿਚ ਭਾਗ ਲੈ ਰਹੇ ਹਨ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਹੋਇਆਂ ਕਲੱਬ ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ ਨੇ ਦੱਸਿਆ ਕਿ ਦੋਵੇਂ ਸੰਸਥਾਵਾਂ ਇਸ ਈਵੈਂਟ ਵਿਚ ਆਪਣੀ ਸ਼ਮੂਲੀਅਤ ਨੂੰ ਅੰਮ੍ਰਿਤਸਰ ਦੇ ਜੱਲਿਆਂਵਾਲੇ ਬਾਗ਼ ਦੇ ਖ਼ੂਨੀ ਸਾਕੇ ਦੀ 100'ਵੀਂ ਵਰ੍ਹੇ-ਗੰਢ ਨੂੰ ਸਮੱਰਪਿਤ ਕਰ ਰਹੀਆਂ ਹਨ। ਇਸ ਮੰਤਵ ਲਈ ਟੀ.ਪੀ.ਏ.ਆਰ. ਕਲੱਬ ਕੋਲ 60 ਵਿਅਕਤੀ ਆਪਣੀ ਰਜਿਸਟ੍ਰੇਸ਼ਨ ਕਰਵਾ ਚੁੱਕੇ ਹਨ ਅਤੇ ਇਨ੍ਹਾਂ ਦੋਹਾਂ ਸੰਸਥਾਵਾਂ ਦੇ 100 ਤੋਂ ਵਧੀਕ ਮੈਂਬਰਾਂ ਦੇ ਇਸ ਵਿਚ ਭਾਗ ਲੈਣ ਦੀ ਉਮੀਦ ਹੈ। ਇਸ ਮੌਕੇ ਉਨ੍ਹਾਂ ਨੂੰ ਕੌਮੈਕਸ ਇਨਸ਼ੋਅਰੈਂਸ ਬਰੋਕਰ ਤਜਿੰਦਰ ਬੇਦੀ ਵੱਲੋਂ ਸਪੈਸ਼ ਟੀ-ਸ਼ਰਟਾਂ ਪ੍ਰਦਾਨ ਕੀਤੀਆਂ ਜਾਣਗੀਆਂ। ਈਵੈਂਟ ਦੀ ਸਮਾਪਤੀ 'ਤੇ ਸਮੂਹ ਮੈਂਬਰ ਬਾਅਦ ਦੁਪਹਿਰ 12.30 ਵਜੇ ਜੀ.ਟੀ.ਐੱਮ ਦੇ ਆਫ਼ਿਸ ਵਿਚ ਆ ਕੇ ਲੰਚ ਕਰਨਗੇ ਅਤੇ ਸ਼ਾਮ ਨੂੰ ਡਿਨਰ ਪਾਰਟੀ ਵੀ ਏਸੇ ਜਗ੍ਹਾ ਹੀ ਹੋਵੇਗੀ।

ਜ਼ਿਕਰਯੋਗ ਹੈ ਕਿ ਸੀ.ਐੱਨ. ਟਾਵਰ ਦੀਆਂ 1776 ਪੌੜੀਆ ਚੜ੍ਹਨ ਲਈ ਆਮ ਫ਼ਿੱਟਨੈੱਸ ਵਾਲਾ ਵਿਅੱਕਤੀ 30-35 ਮਿੰਟ ਜਾਂ ਇਸ ਤੋਂ ਕੁਝ ਵਧੇਰੇ ਸਮਾਂ ਲਗਾਉਂਦਾ ਹੈ, ਜਦ ਕਿ ਤੇਜ਼-ਤਰਾਰ ਵਿਅੱਕਤੀ 15-20 ਮਿੰਟਾਂ ਵਿਚ ਵੀ ਇਹ ਪੌੜੀਆਂ ਚੜ੍ਹ ਜਾਂਦੇ ਹਨ। ਉਂਜ, ਵੇਖਿਆ ਜਾਏ ਤਾਂ ਇਸ ਟਾਵਰ ਉੱਪਰ ਜਾਣ ਵਾਲੇ ਸੱਭ ਤੋਂ ਤੇਜ਼ ਕਲਾਈਂਬਰ ਬਰੈਡਨ ਕੀਨੋਏ ਵੱਲੋਂ 1989 ਵਿਚ ਕਾਇਮ ਕੀਤਾ ਗਿਆ ਰਿਕਾਰਡ 7 ਮਿੰਟ 52 ਸਕਿੰਟ ਦਾ ਹੈ। 2017 ਵਿਚ 27-ਸਾਲਾ ਸ਼ਾਨ ਸਟੀਫ਼ਨਜ਼-ਵੇਲ ਦਾ ਇਹ ਰਿਕਾਰਡ 9 ਮਿੰਟ 54.9 ਸਕਿੰਟ ਦਾ ਹੈ। ਇਸ ਵਾਰ ਇਸ ਈਵੈਂਟ ਲਈ ਸੀਨੀਅਰਜ਼ ਵੱਲੋਂ ਹੋਰ ਵੀ ਵਧੇਰੇ ਉਤਸ਼ਾਹ ਵਿਖਾਇਆ ਜਾ ਰਿਹਾ ਹੈ। ਉਨ੍ਹਾਂ ਤੋਂ ਇਲਾਵਾ ਵਾਲੰਟੀਅਰਜ਼ ਅਤੇ ਮੀਡੀਆ ਨਾਲ ਸਬੰਧਿਤ ਕਰਮੀ ਵੀ ਵੱਡੀ ਗਿਣਤੀ ਵਿਚ ਪਹੁੰਚ ਰਹੇ ਹਨ। ਸੰਧੂਰਾ ਬਰਾੜ ਨੇ ਦੱਸਿਆ ਕਿ ਉਨ੍ਹਾਂ ਦੀ ਕਲੱਬ ਟੀ.ਪੀ.ਏ.ਆਰ. ਦੇ ਮੈਂਬਰ ਸਵੇਰੇ 6.00 ਵਜੇ ਏਅਰਪੋਰਟ ਰੋਡ ਤੇ ਬੋਵੇਰਡ ਦੇ ਇੰਟਰਸੈੱਕਸ਼ਨ ਨੇੜੇ ਟਿਮ ਹੌਰਟਨ ਦੀ ਪਾਰਕਿੰਗ ਵਿਚ ਇਕੱਠੇ ਹੋ ਰਹੇ ਹਨ ਅਤੇ ਉਥੋਂ ਉਹ ਸਕੂਲ ਬੱਸ ਵਿਚ ਸਵਾਰ ਹੋ ਕੇ ਟੋਰਾਂਟੋ ਡਾਊਨ ਟਾਊਨ ਵਿਖੇ ਸੀ.ਐੱਨ. ਟਾਵਰ ਦੇ ਨਜ਼ਦੀਕ ਪਹੁੰਚਣਗੇ। ਉਨ੍ਹਾਂ ਸਾਰੇ ਮੈਂਬਰਾਂ ਨੂੰ ਸਮੇਂ-ਸਿਰ ਸਵੇਰੇ ਠੀਕ 6.00 ਵਜੇ ਉਪਰੋਕਤ ਥਾਂ 'ਤੇ ਪਹੁੰਚਣ ਦੀ ਬੇਨਤੀ ਕੀਤੀ ਹੈ।

ਇਹ ਇਤਫ਼ਾਕ ਵਾਲੀ ਗੱਲ ਹੀ ਹੈ ਕਿ ਇਸ ਵਾਰ ਇਹ ਮਹਾਨ ਈਵੈਂਟ 13 ਅਪ੍ਰੈਲ ਨੂੰ ਵਿਸਾਖੀ ਵਾਲੇ ਦਿਨ ਹੋ ਰਿਹਾ ਹੈ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ 13 ਅਪ੍ਰੈਲ 1699 ਨੂੰ ਸ੍ਰੀ ਆਨੰਦਪੁਰ ਸਾਹਿਵ ਵਿਖੇ ਖਾਲਸੇ ਦੀ ਸਿਰਜਣਾ ਕੀਤੀ ਸੀ ਅਤੇ ਏਸੇ ਦਿਨ ਹੀ 13 ਅਪ੍ਰੈਲ 1919 ਨੂੰ ਅੰਮ੍ਰਿਤਸਰ ਵਿਚ 'ਜੱਲ੍ਹਿਆਂ ਵਾਲੇ ਬਾਗ਼' ਵਿਚ ਅਤੀ-ਘਿਨੌਣਾ ਖ਼ੂਨੀ ਸਾਕਾ ਵਾਪਰਿਆ ਸੀ ਜਦੋਂ ਹਜ਼ਾਰਾਂ ਦੀ ਗਿਣਤੀ ਵਿਚ ਇਸ ਇਤਿਹਾਸਕ ਬਾਗ਼ ਵਿਚ ਇਕੱਤਰ ਹੋਏ ਹਿੰਦੂਆਂ, ਸਿੱਖਾਂ ਤੇ ਮੁਸਲਮਾਨਾਂ ਦੇ ਸਾਂਝੇ ਇਕੱਠ ਉੱਪਰ ਅੰਗਰੇਜ਼ ਸਰਕਾਰ ਦੇ ਗਵਰਨਰ ਜਨਰਲ ਮਾਈਕਲ ਓਡਵਾਇਰ ਵੱਲੋਂ ਦਿੱਤੇ ਗਏ ਹੁਕਮ 'ਤੇ ਜਨਰਲ ਡਾਇਰ ਨੇ ਗੋਲੀਆਂ ਚਲਾ ਕੇ 400 ਦੇ ਕਰੀਬ ਨਿਹੱਥੇ ਵਿਅੱਕਤੀਆਂ ਨੂੰ ਸ਼ਹੀਦ ਅਤੇ ਹਜ਼ਾਰਾਂ ਹੋਰਨਾਂ ਨੂੰ ਜ਼ਖ਼ਮੀ ਕਰ ਦਿੱਤਾ ਸੀ। ਫਿਰ ਇਸ ਖ਼ੂਨੀ ਕਾਂਡ ਦਾ ਬਦਲਾ ਦੇਸ਼ ਤੇ ਕੌਮ ਦੇ ਮਹਾਨ ਸ਼ਹੀਦ ਊਧਮ ਸਿੰਘ ਉਰਫ਼ ਰਾਮ ਮੁਹੰਮਦ ਸਿੰਘ ਆਜ਼ਾਦ ਨੇ 21 ਸਾਲਾਂ ਬਾਅਦ 30 ਜੂਨ 1940 ਨੂੰ ਲੰਡਨ ਦੇ ਕੈਕਸਟਨ ਹਾਲ ਵਿਚ ਚੱਲ ਰਹੇ ਸਮਾਗਮ ਵਿਚ ਪਹੁੰਚ ਕੇ ਲਿਆ ਸੀ।

ਸੀ. ਐੱਨ ਟਾਵਰ ਦੀਆਂ ਪੌੜੀਆਂ ਚੜ੍ਹਨ ਵਾਲੇ ਈਵੈਂਟ ਨਾਲ ਸਬੰਧਿਤ ਹੋਰ ਜਾਣਕਾਰੀ ਪ੍ਰਾਪਤ ਕਰਨ ਲਈ ਸੰਧੂਰਾ ਸਿੰਘ ਬਰਾੜ ਨੂੰ 416-275-9337, ਡਾ. ਜੈਪਾਲ ਸਿੱਧੂ ਨੂੰ 416-837-1562, ਰਾਕੇਸ਼.ਸ਼ਰਮਾ ਨੂੰ 415-918-6858 ਜਾਂ ਫਿਰ ਜਸਵੀਰ ਪਾਸੀ ਨੂੰ 416-843-5330 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਫਾਰਗ ਕੀਤੇ ਮੁਲਾਜ਼ਮਾਂ ਦੀਆਂ ਮੰਗਾਂ ਸ਼੍ਰੋਮਣੀ ਕਮੇਟੀ ਨੇ ਮੰਨੀਆਂ

ਅੰਮ੍ਰਿਤਸਰ, 10 ਅਪ੍ਰੈਲ (ਪੋਸਟ ਬਿਊਰੋ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬੀਤੇ ਸਮੇਂ ਵਿਚ ਨੌਕਰੀ ਤੋਂ ਕੱਢੇ ਗਏ ਮੁਲਾਜ਼ਮਾਂ ਨੂੰ ਅੱਜ ਸਬ-ਕਮੇਟੀ ਦੀਆਂ ਸਿਫ਼ਾਰਸ਼ਾਂ ਅਤੇ ਅੰਤ੍ਰਿੰਗ ਕਮੇਟੀ ਦੀ ਪ੍ਰਵਾਨਗੀ ਦੀ ਆਸ ਉੱਤੇ ਬਹਾਲ ਕਰ ਦਿੱਤਾ ਹੈ। ਕਮੇਟੀ ਦਫਤਰ ਦੇ ਬਾਹਰ 28 ਮਾਰਚ ਤੋਂ ਧਰਨੇ ਉੱਤੇ ਬੈਠੇ ਫਾਰਗ ਮੁਲਾਜ਼ਮਾਂ ਦੀਆਂ ਮੰਗਾਂ ਮੰਨ ਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਮੁੜ ਡਿਊਟੀ ਹਾਜ਼ਰ ਕਰਨ ਦਾ ਐਲਾਨ ਕਰ ਉਨ੍ਹਾਂ ਨੂੰ ਦਫਤਰੀ ਪੱਤਰ ਜਾਰੀ ਕੀਤੇ ਹਨ ਅਤੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

ਇਸ ਸੰਬੰਧ ਵਿੱਚ ਫਾਰਗ ਮੁਲਾਜ਼ਮਾਂ ਨੂੰ ਮੁੜ ਸੇਵਾ ਦੇਣ ਦੇ ਐਲਾਨ ਕਰਨ ਮੌਕੇ ਸ਼੍ਰੋਮਣੀ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਸਬੰਧਤ ਮੁਲਾਜ਼ਮਾਂ ਦੀ ਸੇਵਾ ਬਹਾਲ ਕਰ ਦਿੱਤੀ ਗਈ ਹੈ ਤੇ ਉਹ ਇਮਾਨਦਾਰੀ ਤੇ ਗੁਰੂ ਦੀ ਭੈ-ਭਾਵਨੀ ਵਿਚ ਰਹਿ ਕੇ ਸੇਵਾ ਨਿਭਾਉਣ। ਸ਼੍ਰੋਮਣੀ ਕਮੇਟੀ ਦੇ ਚੀਫ ਸੈਕਟਰੀ ਡਾ. ਰੂਪ ਸਿੰਘ ਨੇ ਦੱਸਿਆ ਹੈ ਕਿ ਫਾਰਗ ਮੁਲਾਜ਼ਮਾਂ ਬਾਰੇ ਇੱਕ ਅੰਤ੍ਰਿੰਗ ਕਮੇਟੀ ਨੇ ਇਕ ਸਬ-ਕਮੇਟੀ ਬਣਾਈ ਸੀ, ਜਿਸ ਦੀਆਂ ਸਿਫਾਰਸ਼ਾਂ ਉਤੇ ਇਨ੍ਹਾਂ ਮੁਲਾਜ਼ਮਾਂ ਨੂੰ ਨਿਯੁਕਤੀ ਪੱਤਰ ਦਿੱਤੇ ਗਏ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਦੀ ਸੇਵਾ ਪਹਿਲਾਂ ਵਾਲੇ ਥਾਂ ਹੀ ਹੋਵੇਗੀ। ਇਨ੍ਹਾਂ ਮੁਲਾਜ਼ਮਾਂ ਵਿਚ ਬਿਲਮੁਕਤਾ, ਕੰਟਰੈਕਟ ਤੇ ਦਿਹਾੜੀ ਵਾਲੇ ਮੁਲਾਜ਼ਮ ਸ਼ਾਮਲ ਹਨ ਅਤੇ ਸਾਰੇ ਮੁਲਾਜ਼ਮਾਂ ਦੀ ਸੇਵਾ ਤੋਂ ਬਾਹਰ ਰਹਿਣ ਦੇ ਸਮੇਂ ਨੂੰ ਬਿਨਾਂ ਤਨਖਾਹ ਛੁੱਟੀ ਪ੍ਰਵਾਨ ਕੀਤਾ ਜਾਵੇਗਾ।

## ਤਾਂਸ਼ ਦੇ ਮੁਕਾਬਲੇ 13 ਅਪ੍ਰੈਲ ਨੂੰ

ਤਾਂਸ਼ (ਸਵੀਪ) ਦੇ ਮੁਕਾਬਲੇ ਕਰਵਾਉਣ ਲਈ ਤਾਂਸ਼ ਟੂਰਨਾਮੈਂਟ ਦੇ ਪਰਬੰਧਕਾਂ ਵਲੋਂ ਜਾਣਕਾਰੀ ਦਿਤੀ ਗਈ ਕਿ ਵੈਸਾਖੀ ਮਨਾਉਣ ਹਿੱਤ 13 ਅਪ੍ਰੈਲ 2019 ਸ਼ਨਿਚਰਵਾਰ ਨੂੰ 2250 bovaired drive brampton ( bovaired and sunny meadow corner ) ਵਿਖੇ ਸਵੀਪ ਦੇ ਮੈਚ ਕਰਵਾਏ ਜਾਣਗੇ । ਐਂਟਰੀਆਂ 11.00 ਤੋਂ 11.30 ਵਜੇ ਤਕ ਹੋਣਗੀਆਂ ਅਤੇ ਸਹੀ 12 ਵਜੇ ਮੈਚ ਸ਼ੁਰੂ ਹੋ ਜਾਣਗੇ । ਐਟਰੀ ਫੀਸ 10 ਡਾਲਰ ਹੋਵੇਗੀ । ਚਾਹ ਪਾਣੀ ਦਾ ਪੂਰਾ ਪ੍ਰਬੰਧ ਹੋਵੇਗਾ ਅਤੇ ਜੇਤੂ ਖਿਡਾਰੀਆਂ ਨੂੰ ਟਰਾਫੀਆਂ ਅਤੇ ਨਕਦ ਇਨਾਮ ਦਿਤੇ ਜਾਣਗੇ। ਸਵੀਪ ਦੇ ਸਾਰੇ ਖਿਡਾਰੀਆਂ ਨੂੰ ਮੁਕਾਬਲਿਆਂ ਵਿਚ ਭਾਗ ਲੈਣ ਲਈ ਖੁਲਾ ਸਦਾ ਦਿਤਾ ਜਾਂਦਾ ਹੈ ਜੀ । ਇਸ ਸਬੰਧ ਵਿਚ ਹੋਰ ਜਾਣਕਾਰੀ ਲਈ ਤਰਸੇਮ ਸਿੰਘ ਜੋਹਲ ( 647 766 1477 ) ਅਤੇ ਦੀਪਾ (647 702 6697 ) ਨਾਲ ਸੰਪਰਕ ਕੀਤਾ ਜਾ ਸਕਦਾ ਹੈ । ਸਮੇਂ ਦੇ ਪਾਬੰਦ ਰਹਿਣ ਦੀ ਬੇਨਤੀ ਕੀਤੀ ਜਾਂਦੀ ਹੈ ਜੀ।

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ

Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also

Sponsor Your Family

MacroGlobal Immigration Services Ltd. Seema Bhayana

ICCRC

Ph: 905 452 0000, 905 452 9999

180 Wilkinson Road, Unit 18 Brampton, ON L6T 4M3

Fax: 905 452 9996 Email: macroglobal@rogers.com

www.macroimmigration.com

"Quality is our strength."

SKYDOME GROUP OF COMPANIES

WE DEAL WITH ALL INSURANCE COMPANIES

Body Centre

Specializing In:
• Collision • Custom Painting
• Mechanical Service
• Frame & Unibody Repair
• Insurance Claims Welcome

Inderjit Singh - Lic. Auto Body Technician/Lic. Mec.

MINISTRY APPROVED SALVAGE INSPECTION STATION

Daljit Singh President

308 Rutherford Road Brampton

905-874-9878

Skydome Emission & Allignment Centre Inc.

210 Rutherford Rd., Brampton

905-450-9878

WE SELL QUALITY USED CARS

STAFFORD TRUCK CENTRE
30 Stafford Dr., Brampton, Tel: 905 - 460 - 1414

HEAD OFFICE: 905-874-9878
Tol Free: 1-877-799-9878, www.skydomeauto.ca

Paramjit Deol Broker CELL: 416-993-7378

7071 Airport Rd, Suit 201, Mississauga, ON

1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.

Tel:905-405-8484

www.paramjitdeol.com

Email: pdeol3@yahoo.ca

Your neighborhood broker, Call Paramjit Deol Today

TORONTO $6.99/Sq Ft — 22 Arrow Rd 1: Rear Freestanding Building, Approx. 7,000 Sq Ft, Zoning Allows For Industrial, Retail & Outside Storage. Currently Operating As A Furniture Store. Located In High Demand Area.

Chatham-Kent $85,000 — 2 Chittim Rd 408 : Excellent Opportunity For Investors & 1st Time Buyers, Excellent Location, Low Maintenance, Close To Downtown & To Hwy 401, Currently Tenanted Property, Low Maintenance Fee.

TORONTO $140,000 — 45 Four Winds Dr : Pizza Store For Sale In A Busy Mall Steps To York University, Tons Of Foot Traffic, Walking Distance From Kids Schools, Residential Apartments/ Condos Minutes Away.

BRAMPTON $169,900 — Photo Not Available — 537 Van Kirk Dr 110 : Turn Key Operation, Well-Established Pets Pizzeria, No Franchise Fees Or Royalty, Low Rent Of $2,700. Situated In A good Neighborhood, Sales Of $30,000 Per Month.

BRAMPTON $195,900 — Photo Not Available — 2070 Steeles Ave 18: Turn Key Operation, Well Established Truck Repair Shop, Located In Brampton. Be Your Own Boss Today. Situated On A Very Busy Street With Tons Of Trucks Passing By Daily, Great Clientele, Sales Are $55,000 Per Month As Per Seller.

BRAMPTON $199,900 — Photo Not Available — 8770 The Gore Rd 6 : Turn Key Operation, Well Established Sri Lankan & South Indian Restaurant, Be Your Own Boss Today, Situated In A Very Busy Plaza, Surrounded By Thousands Of Homes, High Traffic Flow.

BRAMPTON $199,000 — 25 Cherrycrest Dr: Excellent Chance To Be Your Own Boss. Well Established Pizza Fresh, Lots Of $$ Spent On Upgrades, Great Location, Very Low Rent. Developing Area With Lots Of Money Making Opportunity, Sales Are $55,000 Per Month

BRAMPTON $369,000 — 15 Brisdale Dr 7&8 : ਹੱਥੋ ਲੰਘ ਗਿਆ ਸਮਾਂ ਵਾਪਿਸ ਨਹੀ ਆਉਣਾ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ,ਬਹੁਤ ਹੀ ਵਧੀਆ ਚਲ ਰਹੀ ਬਾਰ/ਪੱਬ ਵਿਕਾਊ ਹੈ। ਬਹੁਤ ਹੀ ਬਿਜੀ ਪਲਾਜਾ ਅਤੇ ਆਮਦਨ $70,000/ਮਹੀਨਾ, ਆਦਿ।

TORONTO $309,000 — 320 Dixon Rd 1715: Oversized Large Spacious 3 Bedroom Apartment With 2 Washrooms Beautifully Maintained. Many Upgrades To The Common Elements Of This Building , Very Desirable Neighbourhood To Live In Or Invest.

BRAMPTON $349,000 — SUBWAY eat fresh. — 3024 Hurontario St G7 : Well Established. Turn Key Operation Subway Franchise, Be Your Own Boss Today, Located In A High Density Intersection, High Volume Traffic Flow, Sales Are $32,000.

BRAMPTON $449,000 — 315 Royal West Dr F & G : Be Your Own Boss Today! Opportunity To Own A Known Fitness Franchise "Anytime Fitness" Located In Brampton West, Newer Plaza, 750 Members & Growing, All New Equipment. Sales Are $30,000/Month,

MISSISSAUGA $469,000 — Photo Not Available — 349 Rathburn Rd W 1601: First Time Buyers & Investors Assignment Sale New Condo Project Located Just Few Minutes From Square One, Sheridan College, Movie Theater, Go Bus Terminal, Hey 403, Library, Restaurants And Many More Amenities.

BRAMPTON $469,000 — Photo Not Available — 537 Van Kirk Dr 110: For sale Please call 905-405-8484

BRANTFORD $525,000 — 118&120 Morrell St: Great Investment With Great Income!!! Located In Brantford , Total Space Of 4,000 Sq Ft. 2,000 Sq Ft Of Storefront & 4 One Bedroom Apartments. All Are Currently Leased.

MISSISSAUGA $629,000 — Photo Not Available — 7680 Benavon Rd: Beautifully Kept Semi-Detached Home In One Of Malton's Prime Areas. Large 3 Bedrooms On 2nd Floor, Basement Is Finished With Separate Entrance. Excellent Opportunity For Investors.

BRAMPTON $779,000 — 9 Loftsmoor Dr: Immaculate Semidetached Corner Lot With Lots Of Sunshine All Year Around, Plus An Over Sized Backyard, Gleaming Hardwood Floors & Upgraded Washrooms. Must See

*Canadian punjabi post assumes no responsibility for the accuracy of any information shown. Copyright Ppost 2019

ਪਰਾਈਮ ਸੱਥ ਪ੍ਰੋਗਰਾਮ ਵਿਚ ਵੇਖੋ!

# ਚੀਨ ਕਿਵੇਂ ਇਕ ਮਹਾਂ ਸ਼ਕਤੀ ਬਣ ਰਿਹਾ ਹੈ



ਪਿਛਲੇ ਦਿਨੀ ਜੀਟੀਏ ਵਿਚੋਂ ਕੁਝ ਸਜਣ ਸੇਵਾਦਲ ਵਲੋਂ ਅਯੋਜਿਤ 11 ਦਿਨਾ ਚੀਨ ਯਾਤਰਾ ਟਰਿਪ ਕਰਕੇ ਆਏ ਸਨ। ਇਸ ਬਾਰੇ ਕਈ ਅਖਬਾਰਾ ਵਿਚ ਖਬਰਾਂ ਛਪੀਆਂ ਸਨ। ਲੋਕਾਂ ਵਿਚ ਬੜੀ ਚਰਚਾ ਹੋਈ ਸੀ। ਫਲਸਰੂਪ ਸੁਰ ਸਾਗਰ ਟੀਵੀ ਦੇ ਹੋਸਟ ਸੱਤਪਾਲ ਸਿੰਘ ਜੌਹਲ ਅਤੇ ਪਰਾਈਮ ਏਸ਼ੀਆ ਟੀਵੀ ਦੇ ਹੋਸਟ ਅਵਨੀਤ ਸਿੰਘ ਤੇਜਾ ਨੇ ਉਸ ਗਰੁਪ ਨਾਲ ਲੰਬੀ ਚੌੜੀ ਬਾਤਚੀਤ ਕੀਤੀ। ਇਸ ਰੀਕਾਰਡਿਡ ਚਰਚਾ ਨੂੰ ਤੇਜਾ ਜੀ ਨੇ ਆਪਣੇ ਮਸ਼ਹੂਰ 'ਪਰਾਈਮ ਸੱਥ' ਪਰੋਗਰਾਮ ਵਿਚ ਸ਼ਾਮਲ ਕਰਨ ਲਈ ਤਿਆਰ ਕੀਤਾ ਅਤੇ ਸਤਪਾਲ ਜੌਹਲ ਨੇ ਉਸੇ ਸ਼ਾਮ, ਲਾਈਵ ਟੈਲੀਕਾਸਟ ਕੀਤਾ। ਇਕ ਘੰਟੇ ਦੇ ਇਸ ਪ੍ਰੋਗਰਾਮ ਨੂੰ ਪਰਾਈਮ ਏਸ਼ੀਆ ਟੀਵੀ ਇਸ ਸ਼ਨਿਚਰਵਾਰ 13 ਅਪ੍ਰੈਲ, 2019 ਸ਼ਾਮੀ 6 ਤੋਂ 7 ਵਜੇ ਤਕ ਟੈਲੀਕਾਸਟ ਕਰੇਗਾ। ਇਹ ਪ੍ਰੋਗਰਾਮ ਉਨ੍ਹਾ ਲੋਕਾ ਲਈ ਕਾਫੀ ਲਾਹਿਬੰਦ ਰਹੇਗਾ ਜੋ ਕਿਸੇ ਸਮੇ ਚੀਨ ਯਾਤਰਾ ਕਰਨੀ ਚਹੁੰਦੇ ਹੋਣ ਜਾਂ ਇਹ ਪਤਾ ਕਰਨ ਦੀ ਇਛਾ ਰਖਦੇ ਹੋਣ ਕਿ ਚੀਨ ਇਸ ਸਮੇ ਕਿਵੇਂ ਇਕ ਮਹਾਂ ਸ਼ਕਤੀ ਵਜੋਂ ਉਭਰ ਰਿਹਾ ਹੈ। ਚੀਨ ਦੇ ਲੋਕਾਂ ਦੀਆ ਕੀ ਸਭਿਆਚਾਰਕ ਕਦਰਾਂ ਕੀਮਤਾ ਹਨ। ਮਾਓਵਾਦੀ ਲੋਕ ਆਪਣੇ ਆਪ ਨੂੰ ਦੁਨੀਆ ਦੇ ਮੰਚ ਉਪਰ ਕਿਵੇਂ ਮਹਿਸੂਸ ਕਰ ਰਹੇ ਹਨ। ਕਿਸੇ ਹੋਰ ਜਾਣਕਾਰੀ ਲਈ ਫੋਨ ਹੈ 905 794 7882

# 14 ਅਪ੍ਰੈਲ ਦੇ ਜਲ੍ਹਿਆਂਵਾਲਾ ਕਾਂਡ ਸ਼ਤਾਬਦੀ ਸਮਾਰੋਹ ਦੀਆਂ ਤਿਆਰੀਆਂ ਮੁਕੰਮਲ

(ਹਰਜੀਤ ਬੇਦੀ): ਨੌਰਥ ਅਮੈਰਿਕਨ ਤਰਕਸ਼ੀਲ ਸੁਸਾਇਟੀ ਆਫ ਓਨਟਾਰੀਓ ਅਤੇ ਇੰਡੋ-ਕਨੇਡੀਅਨ ਵਰਕਰਜ਼ ਐਸੋਸੀਏਸ਼ਨ ਵਲੋਂ ਸਾਂਝੇ ਤੌਰ ਤੇ ਜਲ੍ਹਿਆਂਵਾਲਾ ਬਾਗ ਦੇ ਖੂਨੀ ਕਾਂਡ ਦੀ ਸ਼ਤਾਬਦੀ ਜੋ ਕਿ ਭਾਰਤ ਦੇ ਲੋਕਾਂ ਦੀ ਅੰਗਰੇਜੀ ਹਕੂਮਤ ਵਿਰੁੱਧ ਆਪਣੀ ਆਜ਼ਾਦੀ ਦੀ ਲੜਾਈ ਦਾ ਮੀਲ ਪੱਥਰ ਹੈ ਅਤੇ ਸ਼ਹੀਦ ਭਗਤ ਸਿੰਘ ਤੇ ਸਾਥੀਆਂ ਦਾ ਸ਼ਰਧਾਂਜਲੀ ਸਮਾਗਮ 14 ਅਪਰੈਲ 2019 ਦਿਨ ਐਤਵਾਰ ਨੂੰ 1:00 ਵਜੇ 1370, ਵਿਲੀਅਮ ਪਾਰਕਵੇਅ ਤੇ ਸਥਿਤ ਚਿੰਕੂਜੀ ਸੈਕੰਡਰੀ ਸਕੂਲ ਬਰੈਂਪਟਨ ਵਿੱਚ ਮਨਾਇਆ ਜਾਵੇਗਾ। ਜਲ੍ਹਿਆਂ ਵਾਲਾ ਬਾਗ ਦਾ ਇਹ ਖੂਨੀ ਕਾਂਡ ਨਿਹੱਥੇ ਲੋਕਾਂ ਤੇ ਅੰਨ੍ਹੇਵਾਹ ਗੋਲੀਆਂ ਚਲਾ ਕੇ ਭੁੰਨਣਾ ਸਾਮਰਾਜੀ ਜ਼ਬਰ ਅਤੇ ਜੰਗਲੀਪੁਣੇ ਦੀ ਭਿਆਨਕ ਉਦਾਹਰਣ ਹੈ ਜਿਸ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਸ਼ਹੀਦ ਅਤੇ ਜ਼ਖਮੀ ਹੋਏ। ਇਹ ਕਾਂਡ ਇਸ ਗੱਲ ਦੀ ਸ਼ਾਹਦੀ ਭਰਦਾ ਹੈ ਕਿ ਲੋਕ ਕਿਵੇਂ ਇੱਕ ਜ਼ਾਬਰ ਰਾਜ ਨਾਲ ਟੱਕਰ ਲੈ ਸਕਦੇ ਹਨ।

ਬਲਦੇਵ ਰਹਿਪਾ ਤੋਂ ਮਿਲੀ ਤਿਆਰੀ ਕਮੇਟੀ ਦੀ ਰਿਪੋਰਟ ਮੁਤਾਬਕ ਵਾਲੰਟੀਅਰਜ਼ ਦੀਆਂ ਵੱਖ ਵੱਖ ਕਮੇਟੀਆਂ ਨੇ ਤਿਆਰੀ ਸਬੰਧੀ ਆਪਣਾ ਕੰਮ ਪੂਰਾ ਕਰ ਲਿਆ ਹੈ। ਟੀ ਵੀ, ਰੇਡੀਓ ਅਤੇ ਅਖਬਾਰਾਂ ਰਾਹੀਂ ਮੁਹਿੰਮ ਸਿਖਰਾਂ ਤੇ ਹੈ। ਪੀਅਰਸਨ ਕਨਵੈਂਸ਼ਨ ਸੈਂਟਰ ਵਿੱਚ ਹੋਏ ਲੈਜ਼ਰ ਪਰੋਗਰਾਮ ਸਮੇਂ ਇਸ ਪਰੋਗਰਾਮ ਸਬੰਧੀ ਉਚੇਚੇ ਯਤਨ ਕੀਤੇ ਗਏ। ਪਰੋ-ਗਰਾਮ ਦੇ ਲੀਫਲੈਂਟਾਂ ਰਾਹੀਂ ਲੋਕਾਂ ਨੂੰ ਜਾਣਕਾਰੀ ਦਿੱਤੀ ਗਈ। ਸਿੱਟੇ ਵਜੋਂ ਬਹੁਤ ਸਾਰੇ ਲੋਕਾਂ ਨੇ ਆਪਣੀਆਂ ਸੀਟਾਂ ਰਾਖਵੀਂਆਂ ਕਰਵਾਈਆਂ। ਤਰਕਸ਼ੀਲ ਸੁਸਾਇਟੀ ਵਲੋਂ ਲਾਏ ਬੁੱਕ ਸਟਾਲ ਤੋਂ ਸੈਂਕੜੇ ਡਾਲਰਾਂ ਦੀਆਂ ਉਸਾਰੂ ਅਤੇ ਤਰਕਸ਼ੀਲ ਸਾਹਿਤ ਦੀਆਂ ਕਿਤਾਂਬਾਂ ਸਾਹਿਤ ਪਰੇਮੀਆਂ ਨੇ ਖਰੀਦੀਆਂ।

ਤਿਆਰੀ ਕਮੇਟੀ ਨੇ ਤਰਕਸ਼ੀਲ ਸੁਸਾਇਟੀ ਦੇ ਵਿਸ਼ੇਸ਼ ਸੱਦੇ ਤੇ ਆਏ ਨਾਟਕਕਾਰ ਹਰਵਿੰਦਰ ਦੀਵਾਨਾ ਦੀ ਨਿਰਦੇਸ਼ਨਾ ਹੇਠ ਤਿਆਰ ਕੀਤੇ ਜਾ ਰਹੇ ਨਾਟਕਾਂ ਅਮੋਲਕ ਸਿੰਘ ਦਾ ਲਿਖਿਆ " ਜਲ੍ਹਿਆਂ ਵਾਲਾ ਬਾਗ ਦੀ ਵੰਗਾਰ" ਅਤੇ ਦਰਸ਼ਨ ਮਿਤਵਾ ਦਾ "ਪ੍ਰੇਤ" ਨਾਟਕ ਅਤੇ ਕੋਰੀਓਗ੍ਰਾਫੀਆਂ ਦੀ ਤਿਆਰੀ ਤੇ ਤਸੱਲੀ ਪਰਗਟ ਕੀਤੀ। ਇਹਨਾਂ ਨਾਟਕਾਂ ਦੀ ਤਿਆਰੀ ਵਿੱਚ ਵੀਹ ਦੇ ਲੱਗਪੱਗ ਕਲਾਕ-ਾਰ ਬੜੀ ਸ਼ਿੱਦਤ ਨਾਲ ਤਿਆਰੀ ਵਿੱਚ ਪਿਛਲੇ ਵੀਹ ਦਿਨਾਂ ਤੋਂ ਰੁੱਝੇ ਹੋਏ ਹਨ। ਪਰੋਗਰਾਮ ਵਿੱਚ ਇਸ ਕਾਂਡ ਬਾਰੇ ਵਿਦਵਾਨਾਂ ਵਲੋਂ ਵਿਚਾਰਾਂ ਦੇ ਨਾਲ ਫ੍ਰੈਡਰਿਕ ਬੈਂਟਿਗ ਸਕੂਲ ਦੇ ਬੱਚਿਆਂ ਵਲੋਂ ਵੀ ਵਿਸ਼ੇਸ਼ ਆਈਟਮ ਪੇਸ਼ ਕੀਤੀ ਜਾਵੇਗੀ।

ਰੰਗ, ਨਸਲ, ਕੌਮ, ਦੇਸ਼, ਧਰਮ,ਲਿੰਗ ਅਧਾਰਤ ਨਫਰਤ ਅਤੇ ਹਿੰਸਾ ਨੂੰ ਕਿਸੇ ਵੀ ਸਭਿਅਕ ਸਮਾਜ ਵਿੱਚ ਥਾਂ ਨਹੀ। ਪਰੰਤੂ ਇਹ ਵਰਤਾਰਾ ਦੁਨੀਆਂ ਵਿੱਚ ਅੱਜ ਵੀ ਚੱਲ ਰਿਹਾ ਹੈ। ਅੱਜ ਦੇ ਦੌਰ ਵਿੱਚ ਨਸਲਵਾਦ ਅਤੇ ਰਾਸ਼ਟਰਵਾਦ ਦੇ ਨਾਂ ਤੇ ਲੋਕਾਂ ਵਿੱਚ ਪਾਈਆਂ ਜਾ ਰਹੀਆਂ ਵੰਡੀਆਂ ਦੇ ਖਤਰੇ ਬਹੁਤ ਹੀ ਚਿੰਤਾ ਭਰਪੂਰ ਹਨ। ਸਮਾਜਵਾਦੀ ਸੋਚ ਨੂੰ ਪਰਣਾਏ ਲੋਕ ਇਸ ਵਰਤਾਰੇ ਵਿਰੁੱਧ ਦੁਨੀਆਂ ਪੱਧਰ ਤੇ ਲਗਾਤਾਰ ਜਦੋਜਹਿਦ ਕਰ ਰਹੇ ਹਨ।

ਪਰਬੰਧਕਾ ਦੀ ਸਾਰੇ ਲੋਕਾਂ ਨੂੰ ਅਪੀਲ ਹੈ ਕਿ ਉਹ ਵੱਧ ਤੋਂ ਵੱਧ ਇਸ ਸਮਾਗਮ ਵਿਚ ਸ਼ਾਮਲ ਹੋ ਕੇ ਇਤਿਹਾਸ ਦਾ ਹਿੱਸਾ ਬਣਨ ਕਿਉਂਕਿ ਇਹ ਸ਼ਤਾਬਦੀ ਪਰੋਗਰਾਮ ਉਹਨਾਂ ਦੇ ਜੀਵਨ ਵਿੱਚ ਇਸ ਵਾਰ ਹੀ ਆਵੇਗਾ। ਸਾਰੇ ਧਾਰਮਿਕ ਫਿਰਕਿਆਂ ਦੀ ਸਾਂਝ ਵਾਲਾ, ਕਿਰਤੀ ਲੋਕਾਂ ਦਾ ਭਾਈਚਾਰਾ ਮਜਬੂਤ ਕਰਨ ਲਈ ਅਤੇ ਕੌਮੀ ਸ਼ਹੀਦਾਂ ਨੂੰ ਸ਼ਰਧਾਜਲੀ ਦੇ ਕੇ ਉਹਨਾਂ ਦੀ ਵਿਚਾਰਧਾਰਾ ਤੇ ਚੱਲ ਕੇ ਵਧੀਆ ਮਨੁਖੀ ਸਮਾਜ ਸਿਰਜਣ ਲਈ ਅਜਿਹੇ ਸਮਾਗਮਾਂ ਵਿੱਚ ਭਾਗ ਲੈਣਾ ਹੋਰ ਵੀ ਜਰੂਰੀ ਹੈ। ਸੋ ਸਮੂਹ ਲੋਕਾਂ ਨੂੰ ਇਸ ਸਮਾਗਮ ਵਿੱਚ ਪਹੁੰਚਣ ਲਈ ਪੁਰਜੋਰ ਬੇਨਤੀ ਹੈ।

ਇਸ ਪਰੋਗਰਾਮ ਦੀ ਟਿਕਟ ਸਿਰਫ 15 ਡਾਲਰ ਹੈ। ਸਕੂਲੀ ਬੱਚਿਆਂ ਲਈ (ਵਿਸ਼ੇਸ਼ ਤੌਰ ਤੇ 24 ਮਾਰਚ ਦੇ ਪਰੋਗਰਾਮ ਵਿੱਚ ਹਿੱਸਾ ਲੈਣ ਵਾਲੇ) ਲਈ ਫਰੀ ਟਿਕਟ ਹੋਵੇਗੀ। ਸੀਟਾਂ ਦੀ ਬੁਕਿੰਗ ਜਾਂ ਪਰੋਗਰਾਮ ਸਬੰਧੀ ਕਿਸੇ ਵੀ ਜਾਣਕਾਰੀ ਲਈ ਬਲਦੇਵ ਰਹਿਪਾ 416-881-7202, ਨਿਰਮਲ ਸੰਧੂ 416-835-3450, ਦੇਵ ਢੀਂਡਸਾ 416-560-5641, ਹਰਿੰਦਰ ਹੁੰਦਲ 647-818-6880, ਅੰਮ੍ਰਿਤ ਢਿੱਲੋਂ 905-794-1016 ਜਾਂ ਡਾ: ਬਲਜਿੰਦਰ ਸੇਖੋਂ 905-781-1197 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਮਹਿਫਲ ਮੀਡੀਆ ਵੱਲੋਂ ਵਿਸਾਖੀ ਦੇ ਸ਼ੁਭ ਦਿਹਾੜੇ 'ਤੇ ਆਖੰਡ ਪਾਠ ਸਾਹਿਬ

ਮਹਿਫਲ ਮੀਡੀਆ ਵੱਲੋਂ ਵਿਸਾਖੀ ਦੇ ਸ਼ੁਭ ਦਿਹਾੜੇ 'ਤੇ ਆਖੰਡ ਪਾਠ ਸਾਹਿਬ ਅਪਰੈਲ 12 ਨੂੰ 1332 ਖਾਲਸਾ ਡਰਾਈਵ ਯੂਨਿਟ 12 ਵਿਖੇ 10.30 ਵਜੇ ਆਰੰਭ ਕੀਤੇ ਜਾ ਰਹੇ ਹਨ, ਜਿਹਨਾਂ ਦਾ ਭੋਗ ਅਪ੍ਰੈਲ 14 ਨੂੰ 11.30 ਵਜੇ ਡਿਕਸੀ ਗੁਰੂ ਘਰ ਵਿਖੇ ਮੇਨ ਹਾਲ ਵਿੱਚ ਪਾਇਆ ਜਾਵੇਗਾ। ਇਸ ਉਪਰੰਤ ਕੀਰਤਨ ਦਾ ਖੁੱਲ੍ਹਾ ਪ੍ਰਵਾਹ ਤੇ ਗੁਰੂ ਕਾ ਲੰਗਰ ਅਟੁੱਟ ਵਰਤੇਗਾ। ਸਮੂਹ ਭਾਈਚਾਰੇ ਨੂੰ ਤੇ ਮੀਡੀਆ ਨੂੰ ਇਸ ਵਿੱਚ ਸ਼ਾਮਲ ਹੋਣ ਦਾ ਖੁੱਲ੍ਹਾ ਸੱਦਾ ਹੈ। ਤੁਸੀ ਆਈ ਪੀ ਟੀਵੀ ਚੈਨਲ ਮਹਿਫਲ ਟੀਵੀ ਤੇ ਮਹਿਫਲ ਗੁਰਬਾਣੀ ਤੇ ਆਖੰਡ ਪਾਠ ਸਾਹਿਬ ਤਿੰਨ ਦਿਨ ਲਾਈਵ ਸਰਵਣ ਕਰ ਸਕਦੇ ਹੋ।

# ਨਿਊਜ਼ੀਲੈਂਡ 'ਚ ਅਸਲਾ ਕਾਨੂੰਨ ਸੋਧ ਬਿੱਲ ਪਾਰਲੀਮੈਂਟ 'ਚ ਤੀਜੀ ਪੜ੍ਹਤ ਬਾਅਦ ਪਾਸ



ਔਕਲੈਂਡ, 10 ਅਪ੍ਰੈਲ(ਹਰਜਿੰਦਰ ਸਿੰਘ ਬਸਿਆਲਾ): ਕ੍ਰਾਈਸਟਚਰਚ ਵਿਚ 15 ਮਾਰਚ ਨੂੰ ਹੋਏ ਹਮਲੇ ਤੋਂ ਬਾਅਦ ਸਰਕਾਰ ਨੇ ਸੈਮੀ ਆਟੋਮੈਟਿਕ ਗੰਨਾਂ ਦੇ ਲਾਇਸੰਸ ਦੇਣ ਦੇ ਕਾਨੂੰਨ ਵਿਚ ਸੋਧ ਕਰਨ ਦਾ ਐਲਾਨ ਕੀਤਾ ਸੀ। ਇਸ ਸਬੰਧੀ ਅਸਲਾ ਕਾਨੂੰਨ ਸੋਧ ਬਿਲ ਲਿਆਂਦਾ ਗਿਆ ਸੀ, ਜਿਸਨੂੰ ਅੱਜ ਤੀਜ਼ੀ ਪੜ੍ਹਤ ਬਾਅਦ ਸੰਸਦ ਦੇ ਵਿਚ ਪਾਸ ਕਰ ਦਿੱਤਾ ਗਿਆ। ਇਹ ਸੋਧ ਬਿਲ ਲਗਪਗ ਸਰਬਸੰਮਤੀ ਦੇ ਨਾਲ ਪਾਸ ਹੋ ਗਿਆ ਹੈ, ਸਿਰਫ ਐਕਟ ਪਾਰਟੀ ਨੇ ਇਸਦਾ ਵਿਰੋਧ ਕੀਤਾ ਸੀ। ਇਹ ਬਿਲ ਹੁਣ ਦੇਸ਼ ਦੀ ਗਵਰਨਰ ਜਨਰਲ ਕੋਲ ਜਾਵੇਗਾ ਅਤੇ ਦਸਤਖਤ ਬਾਅਦ ਪਾਸ ਹੋ ਕੇ ਕਾਨੂੰਨ ਬਣ ਜਾਵੇਗਾ। ਕ੍ਰਾਈਸਟਚਰ ਹਮਲੇ ਨੂੰ ਅਜੇ 26 ਦਿਨ ਦਾ ਸਮਾਂ ਹੀ ਹੋਇਆ ਹੈ ਅਤੇ ਇਹ ਬਿੱਲ ਪਾਸ ਕਰਕੇ ਆਟੋਮੈਟਿਕ ਗੰਨਾਂ ਦੀ ਗਲਤ ਵਰਤੋਂ ਕੀਤੇ ਜਾਣ ਦੀ ਸੰਭਾਵਨਾ ਉਤੇ ਰੋਕ ਲਗਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਪੁਲਿਸ ਨੇ ਅੱਜ ਸੰਭਾਵਿਤ ਹਥਿਆਰਾਂ ਨੂੰ ਵੀ ਪ੍ਰਦਰਸ਼ਤ ਕੀਤਾ ਜਿਨ੍ਹਾਂ ਦੇ ਉਤੇ ਰੋਕ ਲਗਾਈ ਜਾ ਰਹੀ ਹੈ। ਇਹ ਬਿਲ ਸ਼ੁੱਕਰਵਾਰ ਤੋਂ ਲਾਗੂ ਹੋ ਜਾਣ ਦੀ ਸੰਭਾਵਨਾ ਹੈ। ਵਰਨਣਯੋਗ ਹੈ ਕਿ ਅਜੇ ਵੀ 14 ਵਿਅਕਤੀ ਜੋ ਅੱਤਵਾਦੀ ਹਮਲੇ ਵਿਚ ਜ਼ਖਮੀ ਹੋਏ ਸਨ, ਹਸਪਤਾਲ ਦਾਖਲ ਹਨ।

# ਰੂਬੀ ਸਹੋਤਾ ਨੇ ਪਬਲਿਕ ਸੇਫ਼ਟੀ ਟੈੱਰਰ ਰਿਪੋਰਟ ਸਬੰਧੀ ਹੋਈ ਕਮਿਊਨਿਟੀ ਮੀਟਿੰਗ ਵਿਚ ਸ਼ਿਰਕਤ ਕੀਤੀ

ਬਰੈਂਪਟਨ, -ਬਰੈਂਪਟਨ ਨੌਰਥ ਦੀ ਮੈਂਬਰ ਪਾਰਲੀਮੈਂਟ ਰੂਬੀ ਸਹੋਤਾ ਨੇ ਇਸ ਵੀਕਐਂਡ 'ਤੇ ਹੋਈ ਕਮਿਊਨਿਟੀ ਮੀਟਿੰਗ ਵਿਚ ਆਪਣੀ ਭਰਪੂਰ ਹਾਜ਼ਰੀ ਭਰੀ। ਇਹ ਮੀਟਿੰਗ '2018 ਪਬਲਿਕ ਰਿਪੋਰਟ ਆਨ ਟੈੱਰਰਿਜ਼ਮ ਥਰੈੱਟ ਟੂ ਕੈਨੇਡਾ' ਉੱਪਰ ਵਿਚਾਰ ਕਰਨ ਲਈ ਵਰਲਡ ਸਿੱਖ ਆਰਗੇਨਾਈਜ਼ੇਸ਼ਨ, ਓਨਟਾਰੀਓ ਸਿੱਖ ਐਂਡ ਗੁਰਦੁਆਰਾ ਕਾਊਂਸਲ ਅਤੇ ਓਨਟਾਰੀਓ ਗੁਰਦੁਆਰਾ ਕਮੇਟੀ ਵੱਲੋਂ ਸਾਂਝੇ ਤੌਰ 'ਤੇ ਬੁਲਾਈ ਗਈ ਸੀ। ਰੂਬੀ ਸਹੋਤਾ ਨੇ ਇਸ ਮੌਕੇ ਇਕੱਤਰ ਹੋਏ ਸੈਂਕੜੇ ਸਿੱਖਾਂ ਜਿਨ੍ਹਾਂ ਨੇ ਇਸ ਰਿਪੋਰਟ ਬਾਰੇ ਉਨ੍ਹਾਂ ਨੂੰ ਅਤੇ ਹੋਰ ਲਿਬਰਲ ਪਾਰਲੀਮੈਂਟ ਮੈਂਬਰਾਂ ਨੂੰ ਪਹੁੰਚ ਕੀਤੀ, ਨੂੰ ਯਕੀਨ ਦਿਵਾਇਆ ਕਿ ਉਹ ਵੀ ਇਸ ਰਿਪੋਰਟ ਵਿਚ ਸ਼ਬਦ 'ਸਿੱਖ ਖ਼ਾਲਿਸਤਾਨੀ ਐਕਸਟ੍ਰਿਮਿਜ਼ਮ' ਸ਼ਾਮਲ ਹੋਣ 'ਤੇ ਨਰਾਜ਼ ਅਤੇ ਗੁੱਸੇ ਵਿਚ ਹਨ। ਇਸ ਮੀਟਿੰਗ ਵਿਚ ਰੂਬੀ ਸਹੋਤਾ ਨੂੰ ਕਮਿਊਨਿਟੀ ਮੈਂਬਰਾਂ ਦੀ ਭੀੜ ਵਿਚ ਸ਼ਾਮਲ ਕਈ ਭਾਵੁਕ ਵਿਅੱਕਤੀਆਂ ਵੱਲੋਂ ਕੀਤੇ ਗਏ ਕੁਝ ਮੁਸ਼ਕਲ ਸੁਆਲਾਂ ਦਾ ਵੀ ਸਾਹਮਣਾ ਕਰਨਾ ਪਿਆ। ਉਨ੍ਹਾਂ ਨੇ ਕਈ ਵਾਰ ਇਹ ਸਪੱਸ਼ਟ ਕੀਤਾ ਕਿ ਇਹ ਰਿਪੋਰਟ ਨੈਸ਼ਨਲ ਸਕਿਓਰਿਟੀ ਨਾਲ ਸਬੰਧਿਤ ਆਜ਼ਾਦ ਏਜੰਸੀਆਂ ਵੱਲੋਂ ਲਿਖੀ ਗਈ ਹੈ ਅਤੇ ਇਹ ਕੋਈ ਰਾਜਸੀ ਦਸਤਾਵੇਜ਼ ਨਹੀਂ ਹੈ। ਉਨ੍ਹਾਂ ਕਿਹਾ ਕਿ ਮੈਂ ਜਾਣਦੀ ਹਾਂ ਕਿ ਇਹ ਤੁਹਾਨੂੰ ਮਾੜਾ ਤੇ ਨੁਕਸਾਨਦੇਹ ਲੱਗਾ ਹੈ ਪਰ ਇਹ ਮੈਨੂੰ ਵੀ ਓਨਾ ਹੀ ਬੁਰਾ ਤੇ ਨਫ਼ਰਤ ਭਰਪੂਰ ਮਹਿਸੂਸ ਹੋਇਆ ਹੈ।

ਇਸ ਮੌਕੇ ਰੂਬੀ ਨੇ ਇਸ ਰਿਪੋਰਟ ਦੇ ਰੀਲੀਜ਼ ਹੋਣ ਤੋਂ ਲੈ ਕੇ ਹੁਣ ਤੀਕ ਇਸ ਉੱਪਰ ਹੋਈ ਕਾਰਵਾਈ ਬਾਰੇ ਹਾਜ਼ਰੀਨ ਨੂੰ ਵਿਸਥਾਰ ਵਿਚ ਦੱਸਿਆ। ਉਨ੍ਹਾਂ ਕਿਹਾ ਕਿ ਬਹੁਤ ਸਾਰੇ ਪਾਰਲੀਮੈਂਟ ਮੈਂਬਰ ਜਿਨ੍ਹਾਂ ਵਿਚ ਸਿੱਖ ਅਤੇ ਗ਼ੈਰ ਸਿੱਖ ਵੀ ਸ਼ਾਮਲ ਸਨ, ਇਸ ਰਿਪੋਰਟ ਸਬੰਧੀ ਪਬਲਿਕ ਸੇਫ਼ਟੀ ਐਂਡ ਐਮਰਜੈਂਸੀ ਪ੍ਰੀਪੇਅਰਡਨੈੱਸ ਮਨਿਸਟਰ ਰੈਲਫ਼ ਗੁਡੇਲ ਨੂੰ ਮਿਲੇ ਹਨ। ਕੁਝ ਦਿਨਾਂ ਵਿਚ ਹੀ ਵੱਖ-ਵੱਖ ਪਾਰਲੀਮੈਂਟ ਮੈਂਬਰਾਂ ਨੇ ਕਮਿਊਨਿਟੀ ਮੈਂਬਰਾਂ ਨੂੰ ਵਿਸ਼ਵਾਸ ਦਿਵਾਉਣ ਲਈ ਪਰੈੱਸ ਨੂੰ ਬਿਆਨ ਦਿੱਤੇ ਕਿ ਉਹ ਵੀ ਇਸ ਰਿਪੋਰਟ ਤੋਂ ਓਨੇ ਹੀ ਨਰਾਜ਼ ਹਨ ਅਤੇ ਆਪਣੇ ਵੱਲੋਂ ਇਸ ਸਬੰਧੀ ਕਾਰਵਾਈ ਕਰ ਰਹੇ ਹਨ।

ਇਕ ਹਫ਼ਤੇ ਬਾਅਦ ਹੀ ਮੰਤਰੀ ਗੁਡੇਲ ਵੱਲੋਂ ਬਿਆਨ ਜਾਰੀ ਕੀਤਾ ਗਿਆ,"ਮੈਨੂੰ ਪੂਰਾ ਯਕੀਨ ਹੈ ਕਿ ਇਸ ਰਿਪੋਰਟ ਵਿਚ ਵਰਤੀ ਗਈ ਸ਼ਬਦਾਵਲੀ ਦੀ ਭਾਵਨਾ ਕਿਸੇ ਵੀ ਸਮੁੱਚੇ ਧਰਮ ਨੂੰ ਨੁਕਸਾਨ ਪਹੁੰਚਾਉਣ ਵਾਲੀ ਨਹੀਂ ਸੀ। ਬੇਸ਼ਕ, ਇਹ ਸ਼ਬਦਾਵਲੀ ਰਿਪੋਰਟ ਵਿਚ ਪਿਛਲੇ ਕਈ ਸਾਲਾਂ ਤੋਂ ਵਰਤੀ ਜਾ ਰਹੀ ਹੈ ਪਰ ਇਸ ਦਾ ਭਾਵ ਇਹ ਨਹੀਂ ਹੈ ਕਿ ਇਹ ਬਿਲਕੁਲ ਸਹੀ ਅਤੇ ਕਾਫ਼ੀ ਹੈ। ਇਸ ਲਈ ਮੈਂ ਆਪਣੇ ਦਫ਼ਤਰ ਦੇ ਅਫ਼ਸਰਾਂ ਨੂੰ ਇਸ ਨੂੰ ਮੁੜ ਤੋਂ ਵਿਚਾਰਨ ਅਤੇ ਇਸ ਵਿਚ ਅੱਤਵਾਦ ਨੂੰ ਦਰਸਾਉਣ ਲਈ ਯੋਗ ਸ਼ਬਦਾਂ ਦੀ ਚੋਣ ਕਰਨ ਬਾਰੇ ਕਿਹਾ। ਮਾਣਯੋਗ ਮੰਤਰੀ ਗੁਡੇਲ ਵੱਖ-ਵੱਖ ਸੰਸਥਾਵਾਂ ਦੇ ਮੈਂਬਰਾਂ ਦੇ ਇਤਰਾਜ਼ ਸੁਣਨ ਲਈ ਉਨ੍ਹਾਂ ਨੂੰ ਸਿੱਧੇ ਤੌਰ 'ਤੇ ਵੀ ਮਿਲੇ।

ਪਿਛਲੇ ਦਿਨੀਂ ਮੰਤਰੀ ਜੀ ਨੇ ਇਸ ਰਿਪੋਰਟ ਦੀ ਸ਼ਬਦਾਵਲੀ ਦੇ ਰੀਵਿਊ ਬਾਰੇ ਤਾਜ਼ਾ ਜਾਣਕਾਰੀ ਜਾਰੀ ਕਰਦਿਆਂ ਕਿਹਾ, "ਬਦਕਿਸਮਤੀ ਨਾਲ ਕੁਝ ਥਰੈੱਟਸ ਨੂੰ ਵਰਨਣ ਕਰਨ ਸਮੇਂ ਵਰਤੀ ਗਈ ਸ਼ਦਾਵਲੀ ਨਾਲ ਕੁਝ ਕਮਿਊਨਿਟੀਆਂ ਦੇ ਅਕਸ ਨੂੰ ਠੇਸ ਵੱਜੀ ਹੈ। ਇਹ ਇਸ ਰਿਪੋਰਟ ਦੇ ਮਕਸਦ ਦੇ ਉਲਟ ਹੈ ਅਤੇ ਇਹ ਕੈਨੇਡਾ ਸਰਕਾਰ ਦੀਆਂ ਕਦਰਾਂ-ਕੀਮਤਾਂ ਅਨੁਸਾਰ ਨਹੀਂ ਹੈ।" ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਕੋਈ ਵੀ 'ਥਰੈੱਟ'(ਧਮਕੀ) ਕਿਸੇ ਵਿਚਾਰਧਾਰਾ ਨਾਲ ਜੁੜੀ ਹੋਣੀ ਚਾਹੀਦੀ ਹੈ, ਨਾ ਕਿ ਕਿਸੇ ਕਮਿਊਨਿਟੀ ਦੇ ਨਾਲ। ਉਹ ਇਸ ਨਾਲ ਸਹਿਮਤ ਹੋਏ ਕਿ ਅੱਗੋਂ ਤੋਂ ਸ਼ਬਦਾਵਲੀ 'ਅੱਤਵਾਦੀ ਜਿਹੜੇ ਕਿ ਭਾਰਤ ਵਿਚ ਆਜ਼ਾਦ ਰਾਜ ਕਾਇਮ ਕਰਨ ਲਈ ਹਿੰਸਕ ਕਾਰਵਾਈਆਂ ਦੀ ਹਮਾਇਤ ਕਰਦੇ ਹਨ' ਦੀ ਵਰਤੋਂ ਕੀਤੀ ਜਾਏਗੀ। ਇਸ ਤਰ੍ਹਾਂ ਅੱਗੋਂ ਆਉਣ ਵਾਲੀਆਂ ਰਿਪੋਰਟਾਂ ਵਿਚੋਂ ਸ਼ਬਦ 'ਸਿੱਖ' ਜਾਂ 'ਖ਼ਾਲਿਸਤਾਨੀ' ਹਟਾ ਦਿੱਤੇ ਜਾਣਗੇ। ਐੱਮ.ਪੀ. ਸਹੋਤਾ ਨੇ ਕਿਹਾ,"ਕਮਿਊਨਿਟੀ ਮੈਂਬਰਾਂ ਵੱਲੋਂ ਪ੍ਰਗਟ ਕੀਤੇ ਗਏ ਗੁੱਸੇ ਤੇ ਨਾਰਾਜ਼ਗੀ ਨੂੰ ਦੂਰ ਕਰਨ ਲਈ ਸਾਡੀ ਸਰਕਾਰ ਨੇ ਕਈ ਕਦਮ ਚੁੱਕੇ ਹਨ। ਸਾਡੀ ਕਮਿਊਨਿਟੀ ਲਈ ਇਹ ਮਿਲ ਕੇ ਕੰਮ ਕਰਨ ਦਾ ਵਕਤ ਹੈ ਅਤੇ ਸਾਨੂੰ ਕਿਸੇ ਵੀ ਮੁੱਦੇ 'ਤੇ ਆਪਸ ਵਿਚ ਪਾਰਟੀਆਂ ਵਿਚ ਵੰਡੇ ਨਹੀਂ ਜਾਣਾ ਚਾਹੀਦਾ।


Sandalwood Heights Secondary School

Parents' Council Presents
A Parent Engagement Night

When: Thursday, April 11th, 2019
Where: Sandalwood Secondary School
2671 Sandalwood Parkway East
Brampton, ON L6R 0K7
905-494-0023
Time: 6 PM – 8 PM




| Time | TOPIC | PRESENTER(S) |
|---|---|---|
| 6:15 - 7:00 | How Drugs Affect Our Society | Drugs Awareness Society of Toronto<br>Dr. Parminder Singh |
| 7:00 - 7:15 | Break | |
| 7:15 - 8:00 | Building Resiliency: Strategies for Supporting Mental Health | Ms. Valerie Anderson, Mental Health Resource Clinician, C. Psych.<br>Peel District School Board |
| 7:15 - 8:00 | What You Need to Know About Social Media | Ms. Rupinder Mann, Vice-Principal, PDSB<br>Ms. Mateja Drinovac, Vice-Principal, PDSB<br>Mr. Mark Miller, Instructional Coach, PDSB |

Parents will be able to choose one out of the last two workshops listed above.


Snacks will be provided.

Tax & Accounting
ਟੈਕਸ ਕਿਵੇਂ ਤੇ ਕਿਥੇ ਬਚਾਇਆ ਜਾ ਸਕਦਾ ਹੈ?
•TAX •HST REBATE •CORPORATION SET UP
•ACCOUNTING •BUSINESS LOAN
CA CPA
info@cagrover.com
ਇਮਾਨਦਾਰ ਤੇ ਭਰੋਸੇ ਯੋਗ ਸੇਵਾਵਾਂ ਲਈ ਕਾਲ ਕਰੋ:905.247.0193



148-2960 Drew Road, Mississauga ON L4T 0A5 | Harcharan S. Grover


ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ




Join and Represent Us
▷ VISITOR TO CANADA INSURANCE
▷ TRAVEL OUT INSURANCE
▷ INTERNATIONAL STUDENT INSURANCE
▷ OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
Minimum 1 year experience & Trained mechanic
•6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ •Biweekly payment
•Homely Environment •ਵਧੀਆ ਤਨਖਾਹ
Also need Body Shop Mechanic



ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.533.1100/416.278.7181 (9am to 6pm)

# ਸੰਪਾਦਕੀ

## ਕੀ ਇੰਮੀਗਰੇਸ਼ਨ ਫਰਾਡ ਨੂੰ ਰੋਕ ਸਕੇਗਾ ਨਵਾਂ ਕਨੂੰਨ

ਅੱਜ ਤੋਂ ਪੰਜ ਕੁ ਮਹੀਨੇ ਪਹਿਲਾਂ ਪੰਜਾਬੀ ਪੋਸਟ ਵਿੱਚ ਇੱਕ ਅੰਤਰਰਾਸ਼ਟਰੀ ਵਿੱਦਿਆਰਥੀ ਦਾ ਫੋਨ ਆਉਂਦਾ ਹੈ ਕਿ ਇੱਕ ਇੰਮੀਗਰੇਸ਼ਨ ਕਨਸਲਟੈਂਟ ਨੇ ਕੈਨੇਡਾ ਵਿੱਚ ਪੱਕਾ ਕਰਨ ਲਈ ਜੌਬ ਦੁਆਉਣ ਬਦਲੇ 20 ਹਜ਼ਾਰ ਡਾਲਰ ਲੈ ਲਏ ਪਰ ਹੁਣ ਹੱਥ ਪੱਲਾ ਨਹੀਂ ਫੜਾ ਰਿਹਾ। ਇਹ ਵਿੱਦਿਆਰਥੀ ਇਸ ਬਾਬਤ ਖ਼ਬਰ ਲਿਖਵਾਉਣਾ ਚਾਹੁੰਦਾ ਸੀ ਪਰ ਜਦੋਂ ਅਸੀਂ ਉਸਤੋਂ ਕਨਸਲਟੈਂਟ ਦਾ ਨਾਮ ਪੁੱਛਣਾ ਚਾਹਿਆ ਤਾਂ ਉਹ ਐਨਾ ਡਰ ਗਿਆ ਕਿ ਫੋਨ ਕੱਟ ਕੇ ਚਲਾ ਗਿਆ। ਅਜਿਹੇ ਕਈ ਕੇਸ ਹਨ ਜੋ ਸਾਡੇ ਸਾਹਮਣੇ ਆਉਂਦੇ ਹਨ ਜਿੱਥੇ ਪੱਕੇ ਹੋਣ ਦੇ ਚਾਹਵਾਨ ਵਿੱਦਿਆਰਥੀ ਅਤੇ ਹੋਰ ਲੋਕ ਵਕੀਲਾਂ ਅਤੇ ਕਨਸਲਟੈਂਟਾਂ ਨੂੰ ਹਜ਼ਾਰਾਂ ਡਾਲਰ ਫੀਸ ਅਦਾ ਕਰਨ ਦੇ ਬਾਵਜੂਦ ਉਹਨਾਂ ਤੋਂ ਐਨਾ ਡਰਦੇ ਹਨ ਕਿ ਜਿੰਨਾ ਪੁਲੀਸ ਤੋਂ ਵੀ ਨਹੀਂ। ਅੰਤਰਰਾਸ਼ਟਰੀ ਵਿੱਦਿਆਰਥੀਆਂ ਨੂੰ ਕੈਨੇਡਾ ਪੱਕੇ ਹੋਣ ਦੀ ਜੌਬ ਆਫਰ ਵੇਚਣ ਅਤੇ ਇਹਨਾਂ ਵੇਚੀਆਂ ਜੌਬ ਆਫਰਾਂ ਤੋਂ ਤੰਗ ਆਏ ਕਮਿਉਨਿਟੀ ਦੇ ਲੋਕਾਂ ਦੀ ਸ਼ਿਕਾਇਤ ਉੱਤੇ ਪੰਜਾਬੀ ਪੋਸਟ ਨੇ ਹਾਲੇ ਪਿਛਲੇ ਮਹੀਨੇ ਹੀ ਇੱਕ ਆਰਟੀਕਲ ਲਿਖਿਆ ਸੀ ਜਿਸਤੋਂ ਬਾਅਦ ਨੈਸ਼ਨਲ ਪੋਸਟ ਅਤੇ ਹੋਰ ਮੇਨ ਸਟਰੀਮ ਅਖ਼ਬਾਰਾਂ ਨੇ ਵੀ ਸਾਡੇ ਨਾਲ ਸਲਾਹ ਮਸ਼ਵਰੇ ਕਰਨ ਦੀ ਕੋਸ਼ਿਸ਼ ਕੀਤੀ।

ਇਸ ਕਿੱਸੇ ਦੀ ਪਿੱਠਭੂਮੀ ਵਿੱਚ ਖ਼ਬਰ ਆਈ ਹੈ ਕਿ ਇੰਮੀਗਰੇਸ਼ਨ ਕਨਸਲਟੈਂਟਾਂ ਦੁਆਰਾ ਜੌਬ ਆਫਰਾਂ ਦਾ ਫਰਾਡ ਕਰਨ ਬਾਰੇ ਗਲੋਬ ਐਂਡ ਮੇਲ ਵੱਲੋਂ 6 ਅਪਰੈਲ ਨੂੰ ਲਿਖੀ ਰਿਪੋਰਟ ਦੇ ਆਧਾਰ ਉੱਤੇ ਫੈਡਰਲ ਸਰਕਾਰ ਨੇ ਆਉਣ ਵਾਲੇ ਬੱਜਟ ਬਿੱਲ ਵਿੱਚ ਇੱਕ ਕਨੂੰਨੀ ਮੱਦ ਪਾਉਣੀ ਹੈ। ਪਾਈ ਜਾਣ ਵਾਲੀ ਇਸ ਕਨੂੰਨੀ ਮੱਦ ਦਾ ਮਕਸਦ ਇੰਮੀਗਰੇਸ਼ਨ ਫਰਾਡ ਨੂੰ ਠੱਲ ਪਾਉਣਾ ਹੋਵੇਗਾ। ਇਸ ਬਿੱਲ ਸਦਕਾ ਇੰਮੀਗਰੇਸ਼ਨ ਕਨਸਲਟੈਂਟਾਂ ਨੂੰ ਰੈਗੂਲੇਟ ਕਰਨ ਵਾਲੀ ਸੰਸਥਾ Immigration Consultants of Canada Regulatory Council (ICCRC) ਦੀ ਥਾਂ ਉੱਤੇ ਇੱਕ ਨਵਾਂ College of Immigration and Citizenship Act ਖੋਲਿਆ ਜਾਵੇਗਾ। ਇਸ ਨਵੇਂ ਕਾਲਜ ਕੋਲ ਇੰਮੀਗਰੇਸ਼ਨ ਫਰਾਡ ਦੀਆਂ ਸ਼ਿਕਾਇਤਾਂ ਉੱਤੇ ਕਾਰਵਾਈ ਕਰਨ ਦੇ ICCRC ਨਾਲੋਂ ਵਧੇਰੇ ਅਧਿਕਾਰ ਹੋਣਗੇ ਜਿਹਨਾਂ ਦੀ ਵਰਤੋਂ ਕਰਕੇ ਫਰਾਡ ਨੂੰ ਠੱਲ ਪਾਈ ਜਾ ਸਕੇਗੀ। ਮਿਸਾਲ ਵਜੋਂ ICCRC ਕੋਲ ਇਹ ਤਾਕਤ ਨਹੀਂ ਕਿ ਉਹ ਕਿਸੇ ਗੈਰ-ਲਾਇੰਸਸ਼ੁਦਾ (non-licensed) ਇੰਮੀਗੇਰਸ਼ਨ ਕਨਸਲਟੈਂਟ ਵਿਰੁੱਧ ਕੋਈ ਕਾਰਵਾਈ ਕਰ ਸਕੇ। ਇਸੇ ਤਰਾਂ ਨਵੇਂ ਕਨੂੰਨ ਤਹਿਤ ਇੰਮੀਗਰੇਸ਼ਨ ਮੰਤਰੀ ਕੋਲ ਨਵੀਂ ਸੰਸਥਾ ਦੇ ਬੋਰਡ ਆਫ ਡਾਇਰੈਕਟਰਜ਼ ਨਾਲ ਮਿਲ ਕੇ ਕੰਮ ਕਰਨ ਦੇ ਅਧਿਕਾਰ ਹੋਣਗੇ।

ਇੰਮੀਗਰੇਸ਼ਨ ਮੰਤਰੀ ਨੇ ਇਹ ਦਾਅਵਾ ਕੀਤਾ ਹੈ ਕਿ ਨਵੀਂ ਸੰਸਥਾ ਕਾਇਮ ਕਰਨ ਦਾ ਫੈਸਲਾ ਗਲੋਬ ਐਂਡ ਮੇਲ ਦੀ ਰਿਪੋਰਟ ਤੋਂ ਬਾਅਦ ਕੀਤਾ ਗਿਆ ਹੈ। ਪਰ ਸੱਚ ਇਹ ਵੀ ਹੈ ਕਿ ਪਾਰਲੀਮੈਂਟ ਦੀ ਇੱਕ ਕਮੇਟੀ ਨੇ ICCRC ਨੂੰ ਭੰਗ ਕਰਨ ਦੀ ਸਿਫਾਰਸ਼ ਸਰਕਾਰ ਨੂੰ ਪਿਛਲੇ ਸਾਲ ਹੀ ਕਰ ਦਿੱਤੀ ਸੀ। ICCRC ਦੇ ਕੰਮਕਾਜ ਬਾਰੇ ਇਸ ਗੱਲ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਉਂਟੇਰੀਓ ਕਾਉਂਸਲ ਆਫ ਏਜੰਸੀਜ਼ ਸਰਵਿੰਗ ਇੰਮੀਗਰਾਂਟਸ (Ontario Council of Agencies Serving Immigrants) ਦੀ ਐਗਜ਼ੇਕਟਿਵ ਡਾਇਰੈਕਟਰ ਡੈਬੀ ਡਗਲਸ ਨੇ ਇਸਦੇ ਬੋਰਡ ਦੀ ਡਾਇਰੈਕਟਰ ਵਜੋਂ ਅਸਤੀਫ਼ਾ ਆਪਣੀ ਟਰਮ ਦੇ ਅੱਧ ਵਿਚਾਲੇ ਹੀ ਦੇ ਦਿੱਤਾ ਸੀ। ਵਰਨਣਯੋਗ ਹੈ ਕਿ ICCRC ਨੂੰ 2011 ਵਿੱਚ ਇਸ ਲਈ ਕਾਇਮ ਕੀਤਾ ਗਿਆ ਸੀ ਕਿਉਂਕਿ ਸਰਕਾਰ ਨੂੰ ਇਸਤੋਂ ਪਿਛਲੀ ਰੈਗੂਲੇਟਰੀ ਬਾਡੀ Canadian Society of Immigration Consultants ਦੇ ਫਰਾਡ ਵਿੱਚ ਸ਼ਾਮਲ ਹੋਣ ਦੀਆਂ ਸ਼ਿਕਾਇਤਾਂ ਮਿਲੀਆਂ ਸਨ।

ਸੁਆਲ ਉੱਠਦਾ ਹੈ ਕਿ ਕੀ ਰੈਗੂਲੇਟਰੀ ਸੰਸਥਾਵਾਂ ਦੇ ਨਾਮ ਅਤੇ ਥੋੜਾ ਮੋਟਾ ਕੰਮਕਾਜ ਦੇ ਤਰੀਕੇ ਨੂੰ ਬਦਲਣਾ ਕੋਈ ਹੱਲ ਹੈ? ਕੀ ਅਜਿਹੀਆਂ ਲਿੱਪੀਆਂ ਪੋਚੀਆਂ ਨਾਲ ਇੰਮੀਗਰੇਸ਼ਨ ਫਰਾਡ ਖਤਮ ਹੋ ਜਾਣਗੇ? ਸੰਸਥਾਵਾਂ ਦੇ ਨਾਮ ਬਦਲ ਕੇ ਫਰਾਡ ਰੋਕਣ ਬਾਬਤ ਸਖ਼ਤ ਕਦਮ ਚੁੱਕੇ ਜਾਣ ਦਾ ਪ੍ਰਭਾਵ ਦੇਣ ਦੀ ਥਾਂ ਸਰਕਾਰ ਨੂੰ ਇਮਾਨਦਾਰੀ ਨਾਲ ਸਰਕਾਰੀ ਲਾਅ ਏਜੰਸੀਆਂ ਨੂੰ ਅਜਿਹੇ ਅਧਿਕਾਰ ਦਿੱਤੇ ਜਾਣ ਦੀ ਲੋੜ ਹੈ ਜੋ ਗੁਪਤ ਰੂਪ ਵਿੱਚ ਮਿਲੀ ਇਤਲਾਹ ਦੇ ਆਧਾਰ ਉੱਤੇ ਫਰਾਡੀਆਂ ਵਿਰੁੱਧ ਜਾਂਚ ਕਰ ਸਕੱਣ। ਗੁਪਤ ਰੂਪ ਵਿੱਚ ਸ਼ਿਕਾਇਤ ਕਰਨਾ ਇਸ ਲਈ ਵਾਜਬ ਹੋ ਸਕਦਾ ਹੈ ਤਾਂ ਜੋ ਇੰਮੀਗਰੇਸ਼ਨ ਕਨਸਲਟੈਂਟਾਂ ਅਤੇ ਵਕੀਲਾਂ ਤੋਂ ਥਰ 2 ਕੰਬਣ ਵਾਲੇ ਲੋਕ ਘੱਟੋ ਘੱਟ ਸ਼ਿਕਾਇਤ ਦਰਜ਼ ਕਰਵਾ ਸੱਕਣ।

ਫਰਾਡ ਦਾ ਇੱਕ ਕਾਰਣ ਵੱਡੀ ਤਾਦਾਦ ਵਿੱਚ ਅੰਤਰਰਾਸ਼ਟਰੀ ਵਿੱਦਿਆਰਥੀਆਂ ਨੂੰ ਬੁਲਾਉਣਾ ਵੀ ਹੈ ਖਾਸ ਕਰਕੇ ਜਦੋਂ ਉਹਨਾਂ ਨੂੰ ਸੈਟਲ ਕਰਨ ਦੀ ਕੋਈ ਠੋਸ ਯੋਜਨਾ ਮੌਜੂਦ ਨਹੀਂ ਹੈ। ਵਿੱਦਿਆਰਥੀਆਂ ਨੂੰ ਜੌਬ ਲੱਭਣ ਵਿੱਚ ਮਦਦ ਦਿੱਤੀ ਜਾਣੀ ਚਾਹੀਦਾ ਹੈ ਤਾਂ ਜੋ ਉਹ ਫਰਾਡ ਕਰਨ ਵਾਲਿਆਂ ਦੇ ਧੱਕੇ ਨਾ ਚੜਨ।

## ਲਿਬਰਲ ਐਮਪੀਜ਼ ਨੇ ਫੰਡਰੇਜ਼ਰ ਈਵੈਂਟ ਰੱਦ ਕਰਵਾਉਣ ਲਈ ਸ਼ੀਅਰ ਨੂੰ ਲਿਖਿਆ ਪੱਤਰ

...ਪੰਨਾ 1 ਦਾ ਬਾਕੀ

ਫਿਰ ਭਾਵੇਂ ਇਸ ਵੈੱਬਪੇਜ ਵਿੱਚ ਸੋਧ ਵੀ ਕਰ ਦਿੱਤੀ ਗਈ ਪਰ ਇਸ ਹਲਕੇ ਤੋਂ ਲਿਬਰਲ ਐਮਪੀ ਰੌਬ ਓਲੀਫੈਂਟ ਨੇ ਆਖਿਆ ਕਿ ਇਸ ਈਵੈਂਟ ਨੂੰ ਅਜੇ ਵੀ ਰੱਦ ਕੀਤਾ ਜਾਣਾ ਚਾਹੀਦਾ ਹੈ। ਅਜੇ ਵੀ ਇਸ ਈਵੈਂਟ ਰਾਹੀਂ ਲੋਕਾਂ ਨੂੰ ਕੰਜ਼ਰਵੇਟਿਵ ਪਾਰਟੀ ਲਈ ਡੋਨੇਟ ਕਰਨ ਲਈ ਆਖਿਆ ਜਾ ਰਿਹਾ ਹੈ ਤਾਂ ਕਿ ਉਹ ਆਪਣੀ ਨੀਤੀ ਨੂੰ ਉਸ ਮੁਤਾਬਕ ਢਾਲ ਸਕਣ। ਇਸ ਪੱਤਰ ਉੱਤੇ ਦਸਤਖ਼ਤ ਕਰਨ ਵਾਲੇ ਸੱਤ ਐਮਪੀਜ਼, ਜਿਨ੍ਹਾਂ ਵਿੱਚੋਂ ਕਈ ਜਾਂ ਤਾਂ ਡਾਕਟਰ ਹਨ ਤੇ ਜਾਂ ਜੀਟੀਏ ਦੇ ਹਲਕਿਆਂ ਦੀ ਨੁਮਾਇੰਦਗੀ ਕਰਦੇ ਹਨ, ਵਿੱਚੋਂ ਓਲੀਫੈਂਟ ਵੀ ਇੱਕ ਹਨ।

ਇਹ ਵੀ ਪਤਾ ਲੱਗਿਆ ਹੈ ਕਿ ਇਸ ਈਵੈਂਟ ਵਿੱਚ ਕੰਜ਼ਰਵੇਟਿਵ ਪਾਰਟੀ ਆਗੂ ਲੀਜ਼ਾ ਰਾਇਤ, ਐਮਪੀ ਪੀਟਰ ਕੈਂਟ ਤੇ ਸੈਨੇਟਰਜ਼ ਲਿੰਡਾ ਫੋਰਮ ਤੇ ਨਿਕੋਲ ਈਟਨ ਵੀ ਹਿੱਸਾ ਲੈਣਗੇ। ਇਹ ਸੱਭ ਕੈਨੇਡੀਅਨਾਂ ਲਈ ਹੈਲਥ ਕੇਅਰ ਸਿਸਟਮ ਵਿੱਚ ਸੁਧਾਰ ਕਰਨ ਲਈ ਤੇ ਕੈਨੇਡਾ ਹੈਲਥ ਐਕਟ ਨੂੰ ਆਧੁਨਿਕ ਬਣਾਉਣ ਲਈ ਇਸ ਈਵੈਂਟ ਵਿੱਚ ਹਿੱਸਾ ਲੈਣ ਵਾਲੇ ਲੋਕਾਂ ਦੇ ਵਿਚਾਰ ਸੁਣਨਗੇ।


## ਇਮਰਾਨ ਖਾਨ ਤਾਂ ਨਰਿੰਦਰ ਮੋਦੀ ਦੀ ਦੂਸਰੀ ਜਿੱਤ ਚਾਹੁੰਦੈ

ਇਸਲਾਮਾਬਾਦ, 10 ਅਪਰੈਲ, (ਪੋਸਟ ਬਿਊਰੋ)- ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਕਿਹਾ ਹੈ ਕਿ ਭਾਰਤ ਵਿਚ ਹੋ ਰਹੀ ਲੋਕ ਸਭਾ ਚੋਣ ਵਿਚ ਜੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਰਤੀ ਜਨਤਾ ਪਾਰਟੀ ਜਿੱਤ ਜਾਂਦੀ ਹੈ ਤਾਂ ਦੋਵੇਂ ਦੇਸ਼ਾਂ ਵਿਚ ਅਮਨ ਵਾਰਤਾ ਦਾ ਬਿਹਤਰ ਮੌਕਾ ਪੇਸ਼ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਜੇ ਭਾਰਤ ਵਿਚ ਅਗਲੀ ਸਰਕਾਰ ਕਾਂਗਰਸ ਪਾਰਟੀ ਦੀ ਬਣੀ ਤਾਂ ਪਾਕਿਸਤਾਨ ਨਾਲ ਬੇਝਿਜਕ ਸਮਝੌਤੇ ਤੋਂ ਡਰ ਸਕਦੀ ਹੈ। ਇਮਰਾਨ ਖਾਨ ਨੇ ਇਹ ਗੱਲ ਵਿਦੇਸ਼ੀ ਮੀਡੀਆ ਦੇ ਕੋਲ ਕਹੀ। ਉਨ੍ਹਾਂ ਨੇ ਅਪਣੀ ਗੱਲ ਸਪੱਸ਼ਟ ਕਰਦੇ ਹੋਏ ਕਿਹਾ ਕਿ ਭਾਰਤ ਵਿਚ ਹੋ ਰਹੀਆਂ ਪਾਰਲੀਮੈਂਟ ਚੋਣ ਦੌਰਾਨ ਜੇ ਭਾਰਤੀ ਜਨਤਾ ਪਾਰਟੀ ਜਿੱਤ ਗਈ ਤਾਂ ਇਹ ਪਾਕਿਸਤਾਨ ਦੇ ਹਿਤ ਵਿਚ ਹੋਵੇਗਾ ਤੇ ਇਹ ਦੋਵੇਂ ਦੇਸ਼ਾਂ ਦੀ ਅਮਨ ਵਾਰਤਾ ਦਾ ਬਿਹਤਰੀਨ ਮੌਕਾ ਹੋਵੇਗਾ, ਕਿਉਂਕਿ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਵਿਚ ਕਿਸੇ ਤਰ੍ਹਾਂ ਦਾ ਸਮਝੌਤਾ ਹੋ ਸਕਦਾ ਹੈ।

ਇਸ ਮੌਕੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਕਿਹਾ ਕਿ ਉਹ ਪਾਕਿਸਤਾਨ ਵਿਚੋਂ ਚੱਲਦੇ ਹਰ ਤਰ੍ਹਾਂ ਦੇ ਅਤਿਵਾਦੀ ਸੰਗਠਨਾਂ ਨੂੰ ਖ਼ਤਮ ਕਰਨ ਲਈ ਦ੍ਰਿੜ੍ਹ ਹਨ। ਉਨ੍ਹਾਂ ਕਿਹਾ ਕਿ ਇਸ ਅੱਤਵਾਦ ਵਿਰੋਧੀ ਮੁਹਿੰਮ ਵਿਚ ਪਾਕਿਸਤਾਨ ਸਰਕਾਰ ਇਸ ਦੇਸ਼ ਦੀ ਫ਼ੌਜ ਨੂੰ ਪੂਰਾ ਸਮਰਥਨ ਦੇਵੇਗੀ, ਤਾਂ ਕਿ ਅੱਤਵਾਦ ਦਾ ਖਾਤਮਾ ਹੋ ਸਕੇ।

ਭਾਰਤ ਦੀਆਂ ਪਾਰਲੀਮੈਂਟ ਚੋਣਾਂ ਬਾਰੇ ਪਾਕਿਸਤਾਨੀ ਪ੍ਰਧਾਨ ਮੰਤਰੀ ਦੇ ਇਸ ਬਿਆਨ ਉਤੇ ਭਾਰਤ ਸਰਕਾਰ ਵੱਲੋਂ ਕੋਈ ਪ੍ਰਤੀਕ੍ਰਿਆ ਨਹੀਂ ਆਈ। ਇਸ ਉਤੇ ਸੱਤਾਧਾਰੀ ਭਾਜਪਾ ਦੇ ਨਾਲ ਕਾਂਗਰਸ ਪਾਰਟੀ ਵੀ ਚੁੱਪ ਹੈ।

ਦੂਸਰੇ ਪਾਸੇ ਪਾਕਿਸਤਾਨ ਪੀਪਲਜ਼ ਪਾਰਟੀ (ਪੀ ਪੀ ਪੀ) ਦੀ ਸੈਨੇਟਰ ਸ਼ੇਰੀ ਰਹਿਮਾਨ ਨੇ ਇਮਰਾਨ ਖਾਨ ਦੇ ਇਸ ਬਿਆਨ ਦੀ ਆਲੋਚਨਾ ਕੀਤੀ ਹੈ। ਸ਼ੈਰੀ ਰਹਿਮਾਨ ਨੇ ਟਵਿੱਟਰ ਉੱਤੇ ਲਿਖਿਆ, 'ਇਕ ਦੇਸ਼ ਦਾਪ੍ਰਧਾਨ ਮੰਤਰੀ ਉਸ ਸਮੇਂ ਵਿਚ, ਜਦੋਂ ਦੂਸਰੇ ਦੇਸ਼ ਵਿਚ ਚੋਣਾਂ ਹੋਣ ਜਾ ਰਹੀਆਂ ਹਨ, ਓਥੋਂ ਦੇ ਪ੍ਰਧਾਨ ਮੰਤਰੀ ਦੇ ਉਮੀਦਵਾਰ ਨਾਲ ਗੱਲਬਾਤ ਦੀ ਪਹਿਲ ਵਾਲੀ ਗੱਲ ਕਰੇ, ਇਹ ਸਹੀ ਨਹੀਂ ਹੈ।'



## ਅਸਾਇਲਮ ਲਾਅਜ਼ ਵਿੱਚ ਕੀਤੀਆਂ ਜਾਣ ਵਾਲੀਆਂ ਵਿਵਾਦਗ੍ਰਸਤ ਤਬਦੀਲੀਆਂ ਦਾ ਟਰੂਡੋ ਨੇ ਪੂਰਿਆ ਪੱਖ

...ਪੰਨਾ 1 ਦਾ ਬਾਕੀ

ਪਾਰਲੀਆਮੈਂਟ ਹਿੱਲ ਉੱਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਟਰੂਡੋ ਨੇ ਆਖਿਆ ਕਿ ਇਸੇ ਲਈ ਅਸੀਂ ਵਧੇਰੇ ਸਰੋਤ ਇੱਧਰ ਲਾ ਰਹੇ ਹਾਂ ਤੇ ਕੈਨੇਡੀਅਨਾਂ ਨੂੰ ਇਹ ਯਕੀਨ ਦਿਵਾਉਣਾ ਚਾਹੁੰਦੇ ਹਾਂ ਕਿ ਇਹ ਸਿਸਟਮ ਸਾਰਿਆਂ ਲਈ ਜਾਇਜ਼ ਹੈ।

ਜ਼ਿਕਰਯੋਗ ਹੈ ਕਿ 2017 ਦੇ ਸ਼ੁਰੂ ਤੋਂ ਹੀ ਕੈਨੇਡਾ-ਅਮਰੀਕਾ ਸਰਹੱਦ ਤੋਂ ਗੈਰਕਾਨੂੰਨੀ ਤੌਰ ਉੱਤੇ 41,000 ਪਨਾਹ ਹਾਸਲ ਕਰਨ ਦੇ ਚਾਹਵਾਨ ਕੈਨੇਡਾ ਦਾਖਲ ਹੋ ਗਏ ਸਨ। ਅਜਿਹਾ ਕਰਕੇ ਇਹ ਸਾਰੇ ਪਨਾਹ ਹਾਸਲ ਕਰਨ ਦੇ ਚਾਹਵਾਨ ਅਮਰੀਕਾ ਨਾਲ ਹੋਏ ਕੈਨੇਡਾ ਦੇ ਸੇਫ ਥਰਡ ਕੰਟਰੀ ਅਗਰੀਮੈਂਟ ਦੀਆਂ ਚੋਰ ਮੋਰੀਆਂ ਦਾ ਲਾਹਾ ਲੈਣਾ ਚਾਹੁੰਦੇ ਸਨ। ਸਰਕਾਰੀ ਸਰਹੱਦੀ ਚੈੱਕ ਨਾਕਿਆਂ ਤੋਂ ਬਚਕੇ ਸੁਰੱਖਿਅਤ ਥਾਂਵਾਂ ਤੋਂ ਕੈਨੇਡਾ ਦਾਖਲ ਹੋਏ ਅਜਿਹੇ ਸ਼ਰਨਾਰਥੀ ਕੈਨੇਡਾ ਵਿੱਚ ਰਫਿਊਜੀ ਦਾ ਦਰਜਾ ਹਾਸਲ ਕਰਨ ਲਈ ਕਾਹਲੇ ਸਨ।

## ਟਰਾਂਸਪੋਰਟੇਸ਼ਨ ਵਿੱਚ ਸੁਧਾਰ ਲਈ ਫੋਰਡ ਵੱਲੋਂ 28.5 ਬਿਲੀਅਨ ਡਾਲਰ ਦਾ ਨਿਵੇਸ਼ ਕਰਨ ਦਾ ਐਲਾਨ

...ਪੰਨਾ 1 ਦਾ ਬਾਕੀ

ਤੇ ਇਸ ਦੇ ਨਾਲ ਹੀ ਐਗਲਿੰਟਨ ਕਰੌਸਟਾਊਨ ਵੈਸਟ ਐਕਸਟੈਂਸ਼ਨ ਵੀ ਹੈ, ਜਿਸਦਾ ਵੱਡਾ ਹਿੱਸਾ ਅੰਡਰਗ੍ਰਾਊਂਡ ਰੱਖਿਆ ਜਾਵੇਗਾ ਤਾਂ ਕਿ ਸਾਡੀਆਂ ਸੜਕਾਂ ਉੱਤੇ ਭੀੜ ਭਾੜ ਨਾ ਹੋਵੇ। ਇਹ ਸਾਡੀ ਯੋਜਨਾ ਹੀ ਨਹੀਂ ਸਾਡੀ ਤਰਜੀਹ ਵੀ ਹੈ।

ਪ੍ਰੋਵਿੰਸ ਇਨ੍ਹਾਂ ਚਾਰ ਟਰਾਂਜ਼ਿਟ ਪ੍ਰੋਜੈਕਟਸ ਨੂੰ ਤਿਆਰ ਕਰਨ ਲਈ ਸਰਕਾਰ 11.2 ਬਿਲੀਅਨ ਡਾਲਰ ਨਿਵੇਸ਼ ਕਰੇਗੀ। ਇਸ ਤੋਂ ਇਲਾਵਾ ਫੋਰਡ ਨੇ ਟੀਟੀਸੀ ਸਬਵੇਅ ਇਨਫਰਾਸਟ੍ਰਕਚਰ ਵਿੱਚ ਸੁਧਾਰ ਕਰਨ ਲਈ ਟੋਰਾਂਟੋ ਸਿਟੀ ਦੇ ਨਾਲ ਰਲ ਕੇ ਕੰਮ ਕਰਨ ਦਾ ਤਹੱਈਆ ਵੀ ਪ੍ਰਗਟਾਇਆ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Sodhi |
| Marketing Executives | Priya Sodhi<br>Kamaljeet Kaur |
| Graphic Designer | Satnam Singh |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.



ਵਿਰਾਸਤ ਏ ਖਾਲਸਾ ਵੱਲੋਂ ਬੀਤੇ ਦਿਨੀਂ ਸਾਕਾ ਜਲਿਆਂਵਾਲਾ ਬਾਗ ਦੀ ਸ਼ਤਾਬਦੀ ਨੂੰ ਸਮਰਪਿਤ ਭਗਤ ਸਿੰਘ ਦੀ ਜੀਵਨੀ 'ਤੇ ਸਾਊਂਡ ਐਂਡ ਲੇਜ਼ਰ ਸ਼ੋਅ ਪੇਸ਼ ਕੀਤਾ ਗਿਆ। ਇਸ ਸਾਊਂਡ ਐਂਡ ਲੇਜ਼ਰ ਸ਼ੋਅ ਨੂੰ ਤਿਆਰ ਕਰਨ ਵਾਲੀ ਪ੍ਰਾਚੀਨ ਭਾਰਤ ਦੀ ਟੀਮ ਤੋਂ ਨਵੀਨ ਸ਼ਰਮਾ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਭਾਰਤੀ ਕੌਂਸਲਰ ਜਨਰਲ ਸ੍ਰੀ ਦਿਨੇਸ਼ ਭਾਟੀਆ ਜੀ, ਵਿਰਾਸਤ ਏ ਖਾਲਸਾ ਤੇ ਮੀਡੀਆ ਕਰਮੀਆਂ ਵੱਲੋਂ ਸਨਮਾਨ ਚਿੰਨ੍ਹ ਭੇਟ ਕੀਤਾ ਗਿਆ।




A-One Drivers
TRAINING SCHOOL

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ

ਫਰੀ ਪਿਕਅਪ

Best Rates For Lessons

ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ

] ਮੁਫਤ ਪਿਕਅਪ ਅਤੇਂ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ




ਲੇਡੀ ਇੰਸਟ੍ਰਕਟਰ

647-998-7500 ਬਲਵਿੰਦਰ

# ਦਾਜ ਪ੍ਰਥਾ ਇੱਕ ਲਾਹਨਤ

ਹਰਜ਼ਿੰਦਰ ਕੌਰ ਤੂਰ ਦੱਦਾਹੂਰ
(6475282715)

ਦਾਜ ਪ੍ਰਥਾ ਇੱਕ ਚੰਗੇ ਮੰਤਵ ਨਾਲ ਸ਼ੁਰੂ ਹੋਈ ਸੀ। ਪਰ ਇਸ ਦਾ ਵਿਗੜਿਆ ਰੂਪ ਅੱਜ ਸਾਡੇ ਸਾਹਮਣੇ ਹੈ। ਹੁਣ ਇਸ ਪ੍ਰਥਾ ਨੇ ਇੱਕ ਬਹੁਤ ਹੀ ਖਤਰਨਾਕ ਰੂਪ ਧਾਰਨ ਕਰ ਲਿਆ ਹੈ। ਤੇ ਇਹ ਬੁਰਾਈ ਦਿਨੋਂ ਦਿਨ ਸਮਾਜ ਨੂੰ ਖਾਈ ਜਾ ਰਹੀ ਹੈ। ਪਹਿਲਾਂ ਇਹ ਸਮੱਸਿਆ ਅਮੀਰ ਲੋਕਾਂ ਤੱਕ ਹੀ ਸੀਮਿਤ ਸੀ ਕਿਉਂਕਿ ਅਮੀਰ ਲੋਕਾਂ ਵੱਲੋਂ ਆਪਣੀ ਲੜਕੀ ਨੂੰ ਉਪਹਾਰ ਦਿੱਤੇ ਜਾਂਦੇ ਸਨ। ਹੁਣ ਉਸਨੇ ਉਪਹਾਰ ਨਾਂ ਦਾ ਰੂਪ ਬਦਲ ਕੇ ਦਾਜ ਪ੍ਰਥਾ ਦਾ ਰੂਪ ਲੇ ਲਿਆ ਹੈ। ਹੁਣ ਇਹ ਸਮੱਸਿਆ ਅਮੀਰ ਲੋਕਾਂ ਲਈ ਠੀਕ ਹੈ ਪਰ ਗਰੀਬਾਂ ਲਈ ਇੱਕ ਫਾਂਸੀ ਦੀ ਸਜ਼ਾ ਹੈ । ਮੈਂ ਇੱਕ ਕੁੜੀ ਹਾਂ ਤੇ ਸ਼ੁਰੂ ਤੋਂ ਹੀ ਸੁਣਦੀ ਆ ਰਹੀ ਹਾ ਕਿ ਕੁੜੀਆਂ ਮਾਪਿਆਂ ਤੇ ਬੋਝ ਹੁੰਦੀਆਂ ਹਨ। ਪਰ ਕਦੇ ਅਸੀਂ ਜਾਂ ਸਾਡੇ ਸਮਾਜ ਨੇ ਇਹ ਪਤਾ ਕਰਨ ਦੀ ਕੋਸ਼ਿਸ਼ ਕੀਤੀ ਕਿ, ਬੋਝ ਕੁੜੀਆਂ



ਨੇ ਜਾਂ ਉਹਨਾਂ ਦੇ ਵਿਆਹਾਂ ਤੇ ਦਿੱਤਾ ਜਾਣ ਵਾਲਾ ਦਾਜ? ਪਰ ਅੱਜਕਲ੍ਹ ਦਾਜ ਦੀ ਪ੍ਰੀਭਾਸ਼ਾ ਜੇਕਰ ਇੰਵ ਦੱਸੀ ਜਾਵੇ ' ਤੁਸੀਂ ਆਪਣੇ ਮੁੰਡੇ ਨੂੰ ਕਿੰਨੇ ਦਾ ਵੇਚਣਾ ਹੈ? ਤਾਂ ਜ਼ਿਆਦਾ ਠੀਕ ਹੋਵੇਗਾ। ਮੈਨੂੰ ਲੱਗਦਾ ਦਾਜ ਉਹ ਹੀ ਲੋਕ ਮੰਗਦੇ ਨੇ ਜਿੰਨਾਂ ਨੂੰ ਪਤਾ ਅਸੀਂ ਨਿਕੰਮਾ ਜੰਮਿਆ। ਅਸੀਂ ਆਮ ਜ਼ਿੰਦਗੀ ਵਿੱਚ ਦੇਖਿਆ ਜਾਂ ਵੱਡਿਆਂ ਤੋ ਸੁਣਿਆ ਹੈ ਕਿ ਦੇਣ ਵਾਲਾ ਵੱਡਾ ਹੁੰਦਾ ਹੈ ਤੇ ਲੈਣ ਵਾਲੇ ਨੂੰ ਹਮੇਸ਼ਾ ਝੁੱਕ ਕੇ ਮੰਗਣਾ ਚਾਹੀਦਾ ਹੈ। ਪਰ ਇੱਥੇ ਤਾਂ ਸਭ ਕੁਝ ਹੀ ਉਲਟਾ ਹੈ। ਕੁੜੀ ਦੇ ਮਾਪੇ ਆਪਣੀ ਕੁੜੀ, ਜੋ ਕਿ ਉਹਨਾਂ ਦੇ ਜਿਗਰ ਦਾ ਟੁਕੜਾ ਹੁੰਦੀ ਹੈ, ਵੀ ਦਿੰਦੇ ਹਨ, ਨਾਲ ਨਾਲ ਦਾਜ ਦੇ ਕੇ ਬੇਗਾਨੇ ਪੁੱਤ ਦਾ ਘਰ ਵੀ ਭਰਦੇ ਹਨ ਪਰ ਫੇਰ ਵੀ ਉਹਨਾਂ ਨੂੰ ਛੋਟਾ ਮੰਨਿਆ ਜਾਂਦਾ ਹੈ। ਜੇ ਦੇਖਿਆ ਜਾਵੇ ਤਾਂ ਇਹ ਕਿੱਥੋਂ ਦਾ ਇਨਸਾਫ ਹੈ? ਅੱਜ ਦੇ ਇਸ ਜ਼ਮਾਨੇ ਵਿੱਚ ਦਾਜ ਦੀ ਦੇਣ ਰੂੜੀ ਦੇ ਢੇਰ ਵਾਂਗ ਵੱਧਦੀ ਜਾ ਰਹੀ ਹੈ ਇਸ ਨੂੰ ਰੋਕਣ ਲਈ ਸਾਡੀ ਨੌਜਵਾਨ ਪੀੜ੍ਹੀ ਨੂੰ ਠੋਸ ਕਦਮ ਚੁੱਕਣੇ ਚਾਹੀਦੇ ਹਨ ਤਾਂ ਜੋ ਦਾਜ ਦੀ ਬਿਮਾਰੀ ਨੂੰ ਵਧਣ ਤੋਂ ਰੋਕਿਆ ਜਾ ਸਕੇ। ਮੈ ਸਮਜਦੀ ਹਾਂ ਕਿ ਦਾਜ ਲੈਣ ਦੇਣ ਦੀ ਪ੍ਰਥਾ ਨੂੰ ਬੰਦ ਕਰਨਾ ਸਾਡੇ ਵਰਗੇ ਨੌਜਵਾਨਾਂ ਦਾ ਹੀ ਕੰਮ ਹੈ। ਜੇਕਰ ਕੋਈ ਅਮੀਰ ਲੜਕਾ ਵੱਡੇ ਆਹੁਦੇ ਦਾ ਮਾਲਕ ਹੈ ਤਾਂ ਉਸਨੂੰ ਚਾਹੀਦਾ ਹੈ ਕਿਸੇ ਗਰੀਬ ਘਰ ਦੀ ਲੜਕੀ। ਨਾਲ ਵਿਆਹ ਕਰਾ ਕੇ ਦਾਜ ਦੇ ਨਾਲ ਨਾਲ ਮਾਰੋਮਾਰ ਕਰਦੀ ਗਰੀਬੀ ਨੂੰ ਵੀ ਠੱਲ੍ਹ ਪਾਈ ਜਾ ਸਕੇ। ਵਿਗਿਆਨੀਆਂ ਨੇ ਹਰ ਬਿਮਾਰੀ ਦਾ ਇਲਾਜ ਲੱਭ ਲਿਆ ਹੈ ਪਰ ਪਤਾ ਨਹੀ ਦਾਜ ਦੀ ਬਿਮਾਰੀ ਦਾ ਇਲਾਜ ਕਿਉਂ ਨਹੀਂ ਲੱਭ ਸਕੇ? ਸਾਡੀ ਸਰਕਾਰ ਵੀ ਇਸ ਵੱਲ ਕੋਈ ਧਿਆਨ ਨਹੀ ਦੇ ਰਹੀ। ਸਰਕਾਰ ਚਾਹੇ ਤਾਂ ਦਾਜ ਦੇ ਲੈਣ ਦੇਣ ਤੇ ਕੰਟਰੋਲ ਕਰ ਸਕਦੀ ਹੈ। ਕਿਹੋ ਜਿਹਾ ਦਿਲ ਹੁੰਦਾ ਹੈ ਉਨ੍ਹਾਂ ਦਾ ਤੇ ਕਿੰਨੇ ਜਾਲਮ ਹੁੰਦੇ ਹਨ ਉਹ ਲੋਕ ਜੋ ਲੜਕੀ ਨੂੰ ਦਾਜ ਨਾ ਲਿਆਉਣ ਤੇ ਜਾਂ ਘੱਟ ਦਾਜ ਲਿਆਉਣ ਤੇ ਕੁੱਟਦੇ ਮਾਰਦੇ ਹਨ ਜਾਂ ਫਿਰ ਉਸਨੂੰ ਅੱਗ ਨਾਲ ਸਾੜ ਦਿੰਦੇ ਹਨ। ਜਿਸ ਘਰ ਵਿੱਚ ਸੱਸ ਲੜਕੀ ਤੇ ਅੱਤਿਆਚਾਰ ਕਰਦੀ ਹੈ ਉਸ ਨੂੰ ਇਹ ਸਮਜ ਕਿਉਂ ਨਹੀ ਹੁੰਦੀ ਕਿ ਉਹ ਵੀ ਤਾਂ ਕਿਸੇ ਦੀ ਧੀ ਹੈ ਤੇ ਉਹ ਵੀ ਤਾਂ ਇੱਕ ਔਰਤ ਹੈ। ਇੱਕ ਔਰਤ ਦੂਜੀ ਔਰਤ ਤੇ ਜੁਲਮ ਕਰੇ ਉਸ ਨੂੰ ਵੀ ਸ਼ਰਮ ਨਹੀ ਆਉਂਦੀ । ਦਹੇਜ ਪ੍ਰਥਾ ਲਈ ਸਿਰਫ ਸਮਾਜ ਜਿੰਮੇਵਾਰ ਹੈ,ਜੇ ਇੰਨਾ ਕਹਿ ਕੇ ਗੱਲ ਖਤਮ ਕਰੀਏ ਤਾਂ ਇਹ ਕੋਈ ਹੱਲ ਨਹੀ। ਸਮਾਜ ਵੀ ਆਪਾਂ ਹੀ ਸਿਰਜਦੇ ਹਾਂ ਤੇ ਸਮਾਜ ਨੂੰ ਬਦਲਣ ਦਾ ਹੀਲਾ ਵੀ ਸਾਨੂੰ ਹੀ ਕਰਨਾਂ ਚਾਹੀਦਾ ਹੈ ਕਿਉਂਕਿ ਸਮਾਜ ਦੀ ਸਭ ਤੋਂ ਛੋਟੀ ਇਕਾਈ ਪਰਿਵਾਰ ਹੈ। ਜੇਕਰ ਹਰ ਪਰਿਵਾਰ ਇਹ ਸੋਚ ਕੇ ਚੱਲੇ ਕਿ ਨਾ ਦਾਜ ਲੈਣਾ ਹੈ ਤੇ ਨਾ ਦੇਣਾ ਹੈ ਤਾਂ ਹੀ ਕੋਈ ਗੱਲ ਬਣ ਸਕਦੀ ਹੈ,ਨਹੀਂ ਤਾਂ ਨਤੀਜਾ ਤੁਹਾਡੇ ਸਾਹਮਣੇ ਹੈ। ਸਾਨੂੰ ਛੇਤੀ ਤੋਂ ਛੇਤੀ ਇਸ ਸਮੱਸਿਆ ਦੀ ਜੜ ਨੂੰ ਪੁੱਟਣਾ ਚਾਹੀਦਾ ਹੈ। ਦੂਜਿਆਂ ਦੀਆਂ ਧੀਆਂ ਸਾੜਣ ਵਾਲਿਓ,ਆਪਣੀਆਂ ਧੀਆਂ ਵੱਲ ਦੇਖੋ ਤੇ ਸੋਚੋ ਕਿ ਉਹਨਾਂ ਨਾਲ ਕੀ ਹੋਵੇਗਾ। ਤੁਸੀਂ ਕਿਸ ਨੂੰ ਖਤਮ ਕਰਨਾਂ ਚਾਹੁੰਦੇ ਹੋ 'ਦਾਜ ਨੂੰ ਜਾਂ ਧੀਆਂ ਨੂੰ' ਫੈਸਲਾ ਤੁਹਾਡੇ ਹੱਥ ਹੈ ਕਿਉਂਕਿ ਅਜੇ ਵੀ ਵਕਤ ਹੈ ਕੁਝ ਸਵਾਰਨ ਲਈ,ਨਹੀਂ ਤਾਂ ਵਿਗੜਨ ਨੂੰ ਬਹੁਤ ਕੁਝ ਵਿਗੜ ਚੁੱਕਾ ਹੈ। ਆਓ ਸਾਰੇ ਮਿਲ ਕੇ ਦਾਜ ਦੀ ਪ੍ਰਥਾ ਨੂੰ ਖਤਮ ਕਰਨ ਦਾ ਪ੍ਰਣ ਕਰੀਏ ਤਾਂ ਕਿ ਕਿਸੇ ਵੀ ਧੀ ਭੈਣ ਨੂੰ ਦਾਜ ਲਈ ਬਲੀ ਨਾ ਚੜਨਾਂ ਪਏ ਤੇ ਨਾ ਹੀ ਕਿਸੇ ਨੂੰ ਬਲੀ ਦਾ ਬੱਕਰਾ ਬਣਨਾ ਪਏ।

GUNTAAS RADIO AM 530
Monday to Friday 10am to 11am

Jaswinder Kaur Taggar
jaswindertaggar3@yahoo.ca

647-765-2340 • For Marketing 647-656-6648

# ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org


IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com | 647-739-4641
satsahibusa@gmail.com | 346-714-0224

Visions of Punjab



VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com



Natasha Mahal
Co-Host

Iqbal Mahal
Producer & Host

Serving the South Asian Community Since 1976

PUNJABI RANG RADIO



CAIO 530AM
11pm-12am
Every Saturday



Chamkaur Singh
Producer/ Host
Cell: 416 662 1313
Email: punjabirang13@hotmail.com

## ਹਲਕਾ ਫੁਲਕਾ

ਮੋਹਨ, ''ਘਰ ਵਿੱਚ ਮੇਰਾ ਹੀ ਹੁਕਮ ਚੱਲਦਾ ਹੈ। ਮੈਂ ਕਹਿੰਦਾ ਹਾਂ, ਗਰਮ ਪਾਣੀ ਲੈ ਆਓ ਤਾਂ ਲੈ ਆਉਂਦੀ ਹੈ।''
ਦੋਸਤ, ''ਗਰਮ ਪਾਣੀ ਕਿਉਂ?''
ਮੋਹਨ, ''ਗਰਮ ਪਾਣੀ ਨਾਲ ਭਾਂਡੇ ਚੰਗੇ ਧੋਤੇ ਜਾਂਦੇ ਹਨ।''

*********

ਬਾਬਾ ਫੈਸ਼ਨ ਟੀ ਵੀ ਦੇਖ ਰਿਹਾ ਸੀ। ਇੱਕ ਆਦਮੀ ਨੇ ਦੇਖ ਲਿਆ ਅਤੇ ਬੋਲਿਆ, ''ਬਾਬਾ, ਤੁਸੀਂ ਵੀ?''
ਬਾਬਾ, ''ਰੱਬ ਦੀ ਸਹੁੰ, ਇਨ੍ਹਾਂ ਕੰਨਿਆਵਾਂ ਨੂੰ ਮੈਂ 'ਨਫਰਤ ਦੀ ਨਜ਼ਰ' ਨਾਲ ਦੇਖ ਰਿਹਾ ਹਾਂ।''

*********

ਇੱਕ ਵਾਰ ਪੱਪੂ ਨੇ ਘੜੀਸਾਜ਼ ਨੂੰ ਪੁੱਛਿਆ, ''ਇਸ ਘੜੀ ਨੂੰ ਠੀਕ ਕਰਨ ਦਾ ਕੀ ਲਵੇਂਗਾ?''
ਘੜੀਸਾਜ਼, ''ਜਿੰਨੀ ਕੀਮਤ ਹੈ, ਉਸ ਦਾ ਅੱਧਾ ਦੇ ਦੇਵੀਂ।''
ਅਗਲੇ ਦਿਨ ਜਦੋਂ ਘੜੀਸਾਜ਼ ਨੇ ਪੱਪੂ ਤੋਂ ਮਿਹਨਤਾਨਾ ਮੰਗਿਆ ਤਾਂ ਪੱਪੂ ਨੇ ਉਸ ਨੂੰ ਦੋ ਥੱਪੜ ਮਾਰ ਦਿੱਤੇ।
ਘੜੀਸਾਜ਼ ਬੋਲਿਆ, ''ਇਹ ਕੀ ਕੀਤਾ ਤੂੰ?''
ਪੱਪੂ, ''ਕੁਝ ਨਹੀਂ, ਜਦੋਂ ਮੈਂ ਘੜੀ ਲੈਣ ਦੀ ਜ਼ਿੱਦ ਕੀਤੀ ਸੀ ਤਾਂ ਮੇਰੇ ਪਿਤਾ ਜੀ ਨੇ ਚਾਰ ਥੱਪੜ ਮਾਰੇ ਸਨ।''

Real Estate Exam Prep

ਰਿਐਲਟਰ ਬਣਨ ਦਾ ਸੁਨਿਹਰੀ ਮੌਕਾ, ਲੰਘ ਗਿਆ ਸਮਾਂ ਹੱਥ ਨਹੀਂ ਆਉਣਾ

The Rules are changing
For Real Estate Licence

It will become a Full Time College course soon!
To Avoid going to college for 2-3 Years, Join Now

Call: 647-625-7961

Pass each exam in just 2 weeks
○Easy to Understand Material
○Important Practice Questions
○Limited Summarized Material




2250 Bovaird Dr E, Unit#407, Medical Building
Behind RBC, Sunny Meadow/Bovaird

# ਸੰਤ ਸਿਪਾਹੀ ਦੀ ਸਿਰਜਨਾ : ਇੱਕ ਅਨੋਖਾ ਕੌਤਕ



ਜਸਵੰਤ ਸਿੰਘ 'ਅਜੀਤ'

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਰੂਪੀ ਸੰਤ ਸਿਪਾਹੀ ਦੀ ਸਿਰਜਨਾ ਨੂੰ ਸੰਪੂਰਨ ਕਰਦਿਆਂ 'ਸੀਸ ਭੇਟ' ਕਰਨ ਦੀ ਮੰਗ ਕਰਦਿਆਂ ਜੋ ਕੌਤਕ ਰਚਾਇਆ, ਉਸਨੂੰ ਵੇਖ-ਸੁਣ ਪੰਡਾਲ ਵਿੱਚ ਸਜੀ ਸੰਗਤ ਵਿੱਚ ਬੈਠੇ ਹਰ ਕਿਸੇ ਦੀਆਂ ਅੱਖਾਂ ਵਿਚ ਇਹੀ ਇਕੋ-ਇੱਕ ਸੁਆਲ ਸੀ, ਕਿ ਗੁਰੂ ਸਾਹਿਬ ਨੇ ਇਹ ਕੀ, ਕਿਵੇਂ ਅਤੇ ਕਿਉਂ ਕੌਤਕ ਵਰਤਾਇਆ ਹੈ? ਪਰ ਕਿਸੇ ਕੋਲ ਵੀ ਇਸ ਸੁਆਲ ਦਾ ਜਵਾਬ ਨਹੀਂ ਸੀ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਜਿਸ ਸੁਆਲ ਦਾ ਜੁਆਬ ਉਸ ਸਮੇਂ ਕਿਸੇ ਵਲੋਂ ਵੀ ਨਹੀਂ ਸੀ ਦਿੱਤਾ ਜਾ ਸਕਿਆ, ਉਸੇ ਸੁਆਲ ਦਾ ਜੁਆਬ ਅੱਜ ਦੇ ਵਿਦ-ਵਾਨ ਆਪੋ-ਆਪਣੀ ਕਲਪਨਾ ਦੇ ਸਹਾਰੇ ਦੇ ਰਹੇ ਹਨ। ਪ੍ਰਿੰਸੀਪਲ ਤੇਜਾ ਸਿੰਘ ਅਤੇ ਡਾ. ਗੰਡਾ ਸਿੰਘ 'ਸਿੱਖ ਇਤਿਹਾਸ' ਵਿਚ ਲਿਖਦੇ ਹਨ : 'ਤੀਜੀ ਵਾਰ ਦੀ ਆਵਾਜ਼ ਤੇ ਲਾਹੌਰ ਦਾ ਇਕ ਖੱਤਰੀ ਦਯਾ ਰਾਮ ਆਪਣੀ ਥਾਂ ਤੋਂ ਉੱਠਿਆ ਅਤੇ ਆਪਣੇ ਆਪਨੂੰ ਕੁਰਬਾਨੀ ਲਈ ਪੇਸ਼ ਕੀਤਾ। ਗੁਰੂ ਜੀ ਉਸਨੂੰ ਨਾਲ ਲੱਗਦੇ ਇਕ ਅਹਾਤੇ ਵਿਚ ਲੈ ਗਏ, ਜਿੱਥੇ ਕੁਝ ਬੱਕਰੇ ਬੰਨ੍ਹੇ ਹੋਏ ਸਨ। ਉਸ ਸਿੱਖ ਨੂੰ ਉੱਥੇ ਬਿਠਾ ਕੇ ਇਕ ਬੱਕਰਾ ਝਟਕਾ ਦਿੱਤਾ ਗਿਆ…"

ਇਹ 'ਖੋਜ' ਪੂਰਣ ਜਾਣਕਾਰੀ ਪੰਥ ਦੇ ਪ੍ਰਸਿੱਧ ਵਿਦਵਾਨਾਂ ਪ੍ਰਿੰਸੀਪਲ ਤੇਜਾ ਸਿੰਘ ਅਤੇ ਡਾ. ਗੰਡਾ ਸਿੰਘ ਨੇ ਹੀ ਨਹੀਂ, ਸਗੋਂ ਹੋਰ ਵੀ ਬਹੁਤ ਸਾਰੇ ਵਿਦਵਾਨਾਂ ਨੇ ਵੀ ਆਪਣੀਆਂ "ਖੋਜ ਪੂਰਨ" ਪੁਸਤਕਾਂ ਵਿਚ ਬਿਆਨ ਕੀਤੀ ਹੈ। ਪਰ ਇਸ ਗੱਲ ਨੂੰ ਕਿਸੇ ਨੇ ਸਪੱਸ਼ਟ ਨਹੀਂ ਕੀਤਾ ਕਿ ਇਹ 'ਬੱਕਰੇ' ਗੁਰੂ ਸਾਹਿਬ ਨੇ ਕਿਸ ਰਾਹੀਂ ਮੰਗਵਾ ਕੇ ਬੰਨ੍ਹੇ ਸਨ, ਜਾਂ ਫਿਰ ਗੁਰੂ ਸਾਹਿਬ ਆਪ ਹੀ ਇਨ੍ਹਾ ਨੂੰ ਕਿਧਰੋਂ ਲਿਆਏ ਸਨ? ਇਥੇ ਇਹ ਸੁਆਲ ਵੀ ਉੱਠਦਾ ਕਿ ਜੇ ਸੱਚਮੁੱਚ ਹੀ ਗੁਰੂ ਸਾਹਿਬ ਨੇ ਸਿੰਘਾਂ ਦੀ ਬਜਾਏ ਝਟਕਾਉਣ ਲਈ ਬੱਕਰੇ ਬੰਨ੍ਹੇ ਹੋਏ ਸਨ ਤਾਂ ਜਦੋਂ ਗੁਰੂ ਸਾਹਿਬ ਨੇ ਇਕ ਤੋਂ ਬਾਅਦ ਇਕ ਕਰਕੇ ਪੰਜ ਬੱਕਰੇ ਝਟਕਾਏ ਤਾਂ ਕੀ ਇਤਨੇ ਲੰਮੇ ਸਮੇਂ ਵਿਚ ਇਨ੍ਹਾਂ ਬੱਕਰਿਆਂ ਵਿਚੋਂ ਕਿਸੇ ਇਕ ਨੇ ਵੀ ਆਵਾਜ਼ ਨਹੀਂ ਸੀ ਕੱਢੀ? ਜਦਕਿ ਦੁਨੀਆਂ ਜਾਣਦੀ ਹੈ ਕਿ ਜੇ ਕਿਧਰੇ ਇਕ ਬੱਕਰਾ ਵੀ ਬੰਨ੍ਹਿਆ ਜਾਂ ਰੱਖਿਆ ਗਿਆ ਹੋਵੇ, ਉਹ ਚੁੱਪ ਕਰਕੇ ਨਹੀਂ ਖਲੋ ਸਕਦਾ, ਫਿਰ ਇਥੇ ਤਾਂ ਘੱਟੋ-ਘੱਟ ਪੰਜ ਬੱਕਰੇ ਬੰਨ੍ਹੇ ਗਏ ਹੋਣਗੇ? ਜੇ ਇਹ ਬੱਕਰੇ ਆਪਣੀ ਆਵਾਜ਼ ਕੱਢਦੇ ਰਹੇ ਤਾਂ ਕੀ ਦੀਵਾਨ ਵਿਚ ਬੈਠੀਆਂ ਸੰਗਤਾਂ ਨੂੰ ਉਨ੍ਹਾਂ ਦੀ ਆਵਾਜ਼ ਸੁਣਾਈ ਨਹੀਂ ਸੀ ਦਿੰਦੀ ਰਹੀ?

ਜੇ ਬੱਕਰਿਆਂ ਦੀ ਅਵਾਜ਼ ਦੀਵਾਨ ਵਿਚ ਜੁੜੀਆਂ ਸੰਗਤਾਂ ਤੱਕ ਪੁੱਜਦੀ ਰਹੀ ਸੀ ਤਾਂ ਉਨ੍ਹਾਂ ਵਿਚੋਂ ਬਹੁਤਿਆਂ ਨੂੰ ਡਰ ਕੇ ਦੀਵਾਨ ਵਿਚੋਂ ਉੱਠ ਜਾਣ ਦੀ ਕੀ ਲੋੜ ਸੀ? ਕੀ ਬੱਕਰਿਆਂ ਦੀ ਆਵਾਜ਼ ਸੁਣ, ਗੁਰੂ ਸਾਹਿਬ ਦੀ ਲਲਕਾਰ ਤੇ ਸਾਰੀ ਸੰਗਤ ਹੀ ਸਿਰ ਭੇਟ ਕਰਨ ਲਈ ਨਹੀਂ ਸੀ ਉੱਠ ਖੜੀ ਹੋ ਸਕਦੀ?

ਫਿਰ ਜੇ ਗੁਰੂ ਸਾਹਿਬ ਨੇ ਕਿਸੇ ਪਾਸੋਂ ਮੰਗਵਾ ਕੇ ਬੱਕਰੇ ਬੰਨ੍ਹਵਾਏ ਸਨ ਤਾਂ ਭਾਈ ਦਯਾ ਰਾਮ ਜਾਂ ਉਨ੍ਹਾਂ ਤੋਂ ਪਿਛੋਂ ਦੂਜੇ ਅਤੇ ਤੀਜੇ ਸਿੱਖ ਦੇ ਅੰਦਰ ਜਾਣ ਤੋਂ ਬਾਅਦ ਅਤੇ ਗੁਰੂ ਸਾਹਿਬ ਦੀ ਵਾਪਸੀ ਤੇ, ਬੱਕਰੇ ਲਿਆਉਣ ਵਾਲੇ ਨੂੰ ਤਾਂ ਇਹ ਸ਼ੰਕਾ ਜ਼ਰੂਰ ਹੋ ਸਕਦੀ ਸੀ ਕਿ ਗੁਰੂ ਜੀ ਸਿੱਖਾਂ ਨੂੰ ਨਹੀਂ, ਸਗੋਂ ਬੱਕਰਿਆਂ ਨੂੰ ਝਟਕਾ ਰਹੇ ਹਨ। ਤਾਂ ਕੀ ਇਹ ਸ਼ੰਕਾ ਹੋਣ ਤੇ ਉਹ ਵਿਅਕਤੀ ਆਪ ਆਪਣਾ ਸੀਸ ਭੇਟ ਕਰਨ ਲਈ ਅੱਗੇ ਨਹੀਂ ਸੀ ਆ ਸਕਦਾ? ਜੇ ਅਜਿਹਾ ਵਿਅਕਤੀ ਅੱਗੇ ਆ ਜਾਂਦਾ ਤਾਂ ਫਿਰ ਗੁਰੂ ਸਾਹਿਬ ਵਲੋਂ ਲਈ ਜਾ ਰਹੀ ਪ੍ਰੀਖਿਆ ਦੀ ਕੀ ਸਾਰਥਕਤਾ ਰਹਿ ਜਾਣੀ ਸੀ?

ਸਿੱਧੀ ਤੇ ਸਪੱਸ਼ਟ ਗੱਲ ਇਹ ਹੈ ਕਿ ਬੱਕਰੇ ਬੰਨ੍ਹੇ ਹੋਣ ਜਾਂ ਝਟਕਾਉਣ ਦੀ ਗੱਲ ਵਿਦਵਾਨ ਵੀਰਾਂ ਦੀ ਕੋਰੀ ਕਲਪਨਾ ਅਤੇ ਉੱਚੀ ਕਲਪਤ ਉਡਾਣ ਦਾ ਸਿੱਟਾ ਹੈ। ਗੁਰੂ ਸਾਹਿਬ ਵਾਰੋ-ਵਾਰੀ ਪੰਜ ਸਿੰਘਾਂ ਨੂੰ ਤੰਬੂ ਅੰਦਰ ਲੈ ਕੇ ਗਏ ਅਤੇ ਹਰ ਵਾਰ ਖੜਾਕ ਦੀ ਅਵਾਜ਼ ਤੋਂ ਬਾਅਦ 'ਲਹੂ-ਲਿਬੜੀ' ਤਲਵਾਰ ਲੈ, ਬਾਹਰ ਆਏ। ਅੰਦਰ ਕੀ ਕੌਤਕ ਵਰਤਿਆ? ਇਸ ਬਾਰੇ ਕੇਵਲ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਉਹ ਪੰਜ ਸਿੰਘ ਹੀ ਜਾਣਦੇ ਸਨ, ਜੋ ਗੁਰੂ ਸਾਹਿਬ ਦੀ ਮੰਗ ਤੇ ਵਾਰੋ-ਵਾਰ ਆਪਣਾ ਸੀਸ ਭੇਂਟ ਕਰਨ ਲਈ ਉੱਠ, ਅੱਗੇ ਆਏ ਸਨ। ਇਤਿਹਾਸ ਵਿਚ ਕਿਧਰੇ ਵੀ ਜ਼ਿਕਰ ਨਹੀਂ ਆਉਂਦਾ ਕਿ ਇਨ੍ਹਾਂ ਵਿਚੋਂ ਕਿਸੇ ਇਕ ਨੇ ਵੀ ਕਦੇ ਕੁਝ ਦੱਸਿਆ ਹੋਵੇ ਕਿ ਤੰਬੂ ਅੰਦਰ ਕੀ ਕੌਤਕ ਵਾਪਰਿਆ ਸੀ?

ਪ੍ਰਿੰਸੀਪਲ ਸਤਿਬੀਰ ਸਿੰਘ ਨੇ ਵੀ ਲਿਖਿਆ ਹੈ ਕਿ 'ਅੰਦਰ ਤੰਬੂ ਵਿੱਚ ਉਨ੍ਹਾਂ 'ਪੰਜਾਂ' ਨਾਲ ਕੀ ਬੀਤੀ, ਇਸ ਬਾਰੇ ਕੁਝ ਵੀ ਕਹਿਣਾ ਅਸੰਭਵ ਹੈ। ਸਿਰਫ ਇਤਨਾ ਹੀ ਕਹਿਣਾ ਫਬਦਾ ਹੈ ਕਿ ਉਹ ਪ੍ਰੀਖਿਆ ਵਾਲਾ ਦਿਨ ਸੀ ਤੇ ਕੋਈ ਵੀ ਪ੍ਰੀਖਿਆਕਾਰ ਆਪਣਾ ਪਰਚਾ ਨਹੀਂ ਦਸਦਾ। ਜੇ ਪਰਚਾ ਦੱਸ ਦਿੱਤਾ ਗਿਆ ਹੁੰਦਾ ਤਾਂ ਪ੍ਰੀਖਿਆ ਕਾਹਦੀ ਹੋਈ'?

ਇਸਲਈ ਕਲਪਤ ਉਡਾਣਾਂ ਰਾਹੀਂ ਕੋਈ ਕਹਾਣੀ ਘੜ, ਆਪਣੀ ਵਿਦ-ਵਤਾ ਦਾ ਸਿੱਕਾ ਬਿਠਾਣ ਦੀ ਬਜਾਏ ਚੰਗਾ ਇਹੀ ਹੈ ਕਿ ਤੰਬੂ ਅੰਦਰ ਕੀ ਵਾਪਰਿਆ? ਇਸ ਬਾਰੇ ਆਪਣੀ ਅਨਜਾਣਤਾ ਨੂੰ ਸਵੀਕਾਰ ਕਰ ਲਿਆ ਜਾਏ।

ਮੋਬਾ:+ 91 95 82 71 98 90

## ਮਿੰਨੀ ਕਹਾਣੀ

### ਦੀਵੇ ਥੱਲੇ ਹਨੇਰਾ

-ਮਦਨ ਬੰਗੜ

ਦਸ ਬਾਰਾਂ ਸਾਲ ਦੇ ਬੱਚੇ ਨਾਲ ਸੋਲਾਂ ਸਤਾਰਾਂ ਸਾਲ ਦਾ ਇਕ ਲੜਕਾ ਲਿਫਟ ਲੈਣ ਲਈ ਮੈਨੂੰ ਹੱਥ ਦੇ ਰਿਹਾ ਸੀ। ਮੈਂ ਸਕੂਟਰ ਰੋਕ ਕੇ ਉਨ੍ਹਾਂ ਨੂੰ ਪਿੱਛੇ ਬੈਠਣ ਦਾ ਇਸ਼ਾਰਾ ਕਰ ਦਿੱਤਾ। ਪਿੱਛੇ ਬੈਠਦਿਆਂ ਹੀ ਉਨ੍ਹਾਂ ਨੇ ਕਿਹਾ ਕਿ ਰਸਤੇ ਵਿੱਚ ਪੈਂਦੀ ਫੈਕਟਰੀ ਨੇੜੇ ਸਾਨੂੰ ਉਤਾਰ ਦਿਓ। ਮੈਂ ਸਕੂਟਰ ਤੋਰ ਲਿਆ। ਕੁਝ ਦੂਰੀ 'ਤੇ ਉਸ ਫੈਕਟਰੀ ਤੋਂ ਪਹਿਲਾਂ ਹੀ ਸਕੂਟਰ ਪਿੱਛੇ ਬੈਠੇ ਦੋਵੇਂ ਲੜਕੇ ਉਤਰਨ ਲਈ ਉਤਾਵਲੇ ਹੋ ਗਏ। ਉਹ ਕਹਿਣ ਲੱਗੇ, 'ਬੱਸ ਇਥੇ ਹੀ ਉਤਾਰ ਦਿਓ ਜੀ।' ਉਨ੍ਹਾਂ ਨੂੰ ਉਤਾਰਨ ਲੱਗਿਆ ਸਕੂਟਰ ਬੰਦ ਹੋ ਗਿਆ। ਸਟੈਂਡ ਉੱਤੇ ਲਾ ਕੇ ਕਿੱਕ ਮਾਰੀ, ਸਟਾਰਟ ਨਾ ਹੋਇਆ। ਸਕੂਟਰ ਸਟਾਰਟ ਕਰਨ ਦੀ ਕੋਸ਼ਿਸ਼ ਕਰਦੇ ਸਮੇਂ ਮੇਰਾ ਧਿਆਨ ਉਨ੍ਹਾਂ ਦੋਵਾਂ ਬੱਚਿਆਂ ਵੱਲ ਗਿਆ ਜੋ ਰਬੜ ਫੈਕਟਰੀ ਦੇ ਅੰਦਰ ਜਾ ਰਹੇ ਸਨ। ਮੇਰਾ ਧਿਆਨ ਉਨ੍ਹਾਂ ਦੇ ਪੈਰਾਂ ਉਪਰ ਪਿਆ ਤਾਂ ਦੋਵੇਂ ਨੰਗੇ ਪੈਰੀਂ ਸਨ। ਕੜਾਕੇ ਦੀ ਠੰਢ ਵਿੱਚ ਮੇਰੇ ਪੈਰ ਬੂਟਾਂ 'ਚ ਵੀ ਠਰ ਰਹੇ ਸਨ। ਮੇਰੇ ਮਨ ਵਿੱਚ ਚੀਸ ਉਦੋਂ ਉਠੀ, ਜਦੋਂ ਉਸ ਫੈਕਟਰੀ ਦੇ ਬਾਹਰ ਲੱਗਾ ਬੋਰਡ ਪੜ੍ਹਿਆ ਕਿ ਇਥੇ ਬਿਹਤਰੀਨ ਕੁਆਲਿਟੀ ਦੇ ਜੁੱਤੇ ਅਤੇ ਚੱਪਲਾਂ ਬਣਾਏ ਜਾਂਦੇ ਹਨ।

# ਭਾਜਪਾ ਲਈ ਪੱਛਮੀ ਉੱਤਰ ਪ੍ਰਦੇਸ਼ ਵਿੱਚ 2014 ਦੀ ਸਫਲਤਾ ਦੁਹਰਾਉਣਾ ਮੁਸ਼ਕਲ

-ਅਦਿਤੀ ਫੜਨੀਸ-

ਉੱਤਰ ਪ੍ਰਦੇਸ਼ ਦੇ ਮੁਜ਼ੱਫਰਨਗਰ, ਬਾਗਪਤ, ਕੈਰਾਨਾ ਤੇ ਗਾਜ਼ੀਆਬਾਦ ਵਿੱਚ 11 ਅਪ੍ਰੈਲ ਨੂੰ ਲੋਕ ਸਭਾ ਚੋਣਾਂ ਲਈ ਵੋਟਾਂ ਪੈਣਗੀਆਂ। ਇਸ ਖੇਤਰ ਵਿੱਚ 2014 ਦੀਆਂ ਲੋਕ ਸਭਾ ਚੋਣਾਂ ਤੇ 2017 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਭਾਰਤੀ ਜਨਤਾ ਪਾਰਟੀ (ਭਾਜਪਾ) ਦਾ ਪ੍ਰਦਰਸ਼ਨ ਸ਼ਾਨਦਾਰ ਰਿਹਾ ਸੀ। ਅੱਗੋਂ ਸਵਾਲ ਇਹ ਹੈ ਕਿ ਕੀ ਪਾਰਟੀ ਇਸ ਰਿਕਾਰਡ ਨੂੰ 2019 ਵਿੱਚ ਦੁਹਰਾਅ ਸਕੇਗੀ।

ਬਾਗਪਤ

ਇਥੇ ਗਣਿਤ ਦੇ ਅੰਕੜੇ ਕੁਝ ਸਵਾਲਾਂ ਦੇ ਜਵਾਬ ਦਿੰਦੇ ਹਨ। ਮੁੰਬਈ ਦੇ ਸਾਬਕਾ ਪੁਲਸ ਕਮਿਸ਼ਨਰ, ਮੋਦੀ ਸਰਕਾਰ 'ਚ ਕੇਂਦਰੀ ਮਨੁੱਖੀ ਸੋਮਿਆਂ ਦੇ ਰਾਜ ਮੰਤਰੀ ਤੇ ਜਾਟ ਨੇਤਾ ਸਤਿਆਪਾਲ ਸਿੰਘ ਦੇ ਕੰਟਰੋਲ 'ਚ ਸਾਰੇ ਸੋਮੇ ਹਨ। ਸਾਲ 2014 ਵਿੱਚ ਉਨ੍ਹਾਂ ਨੇ ਸਮਾਜਵਾਦੀ ਪਾਰਟੀ (ਸਪਾ) ਦੇ ਨੇਤਾ ਗੁਲਾਮ ਮੁਹੰਮਦ ਨੂੰ ਦੋ ਲੱਖ ਤੋਂ ਵੱਧ ਵੋਟਾਂ ਦੇ ਫਰਕ ਨਾਲ ਬੁਰੀ ਤਰ੍ਹਾਂ ਹਰਾਇਆ ਸੀ। ਰਾਸ਼ਟਰੀ ਲੋਕ ਦਲ (ਰਾਲੋਦ) ਦੇ ਮੁਖੀ ਅਜਿਤ ਸਿੰਘ ਨੂੰ ਆਪਣੀ ਹੀ ਕਰਮ ਭੂਮੀ 'ਤੇ ਤੀਸਰੇ ਪੌਡੇ 'ਤੇ ਰਹਿਣ ਲਈ ਮਜਬੂਰ ਹੋਣਾ ਪਿਆ। ਇਸ ਵਾਰ ਚੌਧਰੀ ਚਰਨ ਸਿੰਘ ਅਤੇ ਅਜਿਤ ਸਿੰਘ ਦੇ ਵਾਰਸ ਨੌਜਵਾਨ ਜਯੰਤ ਸਿੰਘ ਬਾਗਪਤ ਤੋਂ ਆਪਣੀ ਕਿਸਮਤ ਅਜ਼ਮਾ ਰਹੇ ਹਨ ਤੇ ਨਿਸ਼ਚਿਤ ਤੌਰ 'ਤੇ ਇਸ ਵਾਰ ਭਾਜਪਾ ਲਈ ਇਸ ਸੀਟ ਨੂੰ ਆਪਣੇ ਖਾਤੇ 'ਚ ਬਰਕਰਾਰ ਰੱਖਣਾ ਬੇਹੱਦ ਮੁਸ਼ਕਲ ਹੋਣ ਜਾ ਰਿਹਾ ਹੈ। ਇਸ ਦਾ ਕਾਰਨ ਜਾਤੀ ਹੈ।

ਸਾਲ 2014 ਵਿੱਚ ਸਤਿਆਪਾਲ ਸਿੰਘ ਨੂੰ ਕਰੀਬ ਚਾਰ ਲੱਖ ਵੋਟਾਂ ਮਿਲੀਆਂ ਸਨ ਤੇ ਉਨ੍ਹਾਂ ਨੇ 2.30 ਲੱਖ ਵੋਟਾਂ ਦੇ ਫਰਕ ਨਾਲ ਜਿੱਤ ਦਰਜ ਕੀਤੀ, ਪਰ ਉਨ੍ਹਾਂ ਦੇ ਵਿਰੁੱਧ 2014 ਵਿੱਚ ਖੜ੍ਹੇ ਹੋਣ ਵਾਲੇ ਅਜਿਤ ਸਿੰਘ ਅਤੇ ਗੁਲਾਮ ਮੁਹੰਮਦ ਦੀਆਂ ਵੋਟਾਂ ਨੂੰ ਜੋੜ ਕੇ ਅਜਿਤ ਸਿੰਘ ਨੂੰ ਕਰੀਬ 1,99,000 ਵੋਟਾਂ ਮਿਲੀਆਂ, ਜਦ ਕਿ ਗੁਲਾਮ ਮੁਹੰਮਦ ਨੂੰ 2.13 ਲੱਖ ਵੋਟਾਂ ਮਿਲੀਆਂ। ਇਨ੍ਹਾਂ ਦੋਵਾਂ ਦੀਆਂ ਕੁੱਲ ਵੋਟਾਂ ਸਤਿਆਪਾਲ ਸਿੰਘ ਨੂੰ ਮਿਲੀਆਂ ਕੁੱਲ ਵੋਟਾਂ ਦੇ ਬਰਾਬਰ ਹੀ ਹਨ। ਇੱਕ ਪਲ ਲਈ ਅਸੀਂ ਇਹ ਮੰਨ ਲਈਏ ਕਿ ਅਜਿਤ ਸਿੰਘ ਅਤੇ ਗੁਲਾਮ ਮੁਹੰਮਦ, ਜੋ ਇਸ ਵਾਰ ਚੋਣ ਨਹੀਂ ਲੜ ਰਹੇ, ਦੇ ਸੰਪਰਕ ਇੱਕੋ ਜਿਹੇ ਨਹੀਂ ਤੇ ਇਨ੍ਹਾਂ 'ਚੋਂ ਕੁਝ ਭਾਜਪਾ ਨੂੰ ਵੀ ਸਮਰਥਨ ਦੇ ਸਕਦੇ ਹਨ। ਅਜਿਹੀ ਹਾਲਤ ਵਿੱਚ ਵਾਈਲਡ ਕਾਰਡ ਪ੍ਰਸ਼ਾਂਤ ਚੌਧਰੀ ਸਾਬਤ ਹੋਣਗੇ। 2014 ਦੀਆਂ ਚੋਣਾਂ ਵਿੱਚ ਬਾਗਪਤ ਨੇ ਚੌਧਰੀ ਦਾ ਨੋਟਿਸ ਵੀ ਲਿਆ, ਜੋ ਗੁੱਜਰ ਨੇਤਾ ਹਨ ਤੇ ਉਨ੍ਹਾਂ ਨੇ ਬਹੁਜਨ ਸਮਾਜ ਪਾਰਟੀ (ਬਸਪਾ) ਦੇ ਉਮੀਦਵਾਰ ਦੇ ਤੌਰ 'ਤੇ ਚੋਣ ਲੜੀ।

ਗੁੱਜਰਾਂ ਨੇ ਗੌਤਮ ਬੁੱਧ ਨਗਰ, ਮੇਰਠ, ਕੈਰਾਨਾ, ਬਿਜਨੌਰ, ਮੁਜ਼ੱਫਰਨਗਰ, ਸਹਾਰਨਪੁਰ, ਬੁਲੰਦ ਸ਼ਹਿਰ ਅਤੇ ਬਾਗਪਤ ਦੀਆਂ ਪਾਰਲੀਮੈਂਟ ਸੀਟਾਂ 'ਤੇ ਕਾਫੀ ਪ੍ਰਭਾਵ ਬਣਾਈ ਰੱਖਿਆ। ਉਨ੍ਹਾਂ ਦਾ ਅਸਰ ਹੈ, ਪਰ ਬਾਗਪਤ ਵਿੱਚ ਉਨ੍ਹਾਂ ਦੀਆਂ ਵੋਟਾਂ ਸਿਰਫ 45000 ਤੱਕ ਹਨ। ਉਨ੍ਹਾਂ ਨੂੰ 1.42 ਲੱਖ ਵੋਟਾਂ ਮਿਲੀਆਂ ਹਨ ਅਤੇ ਅਜਿਹਾ ਮੰਨਿਆ ਜਾਂਦਾ ਹੈ ਕਿ ਉਨ੍ਹਾਂ ਨੂੰ ਨਾ ਸਿਰਫ ਗੁੱਜਰਾਂ ਦੀਆਂ, ਸਗੋਂ ਦਲਿਤਾਂ ਦੀਆਂ ਵੀ ਵੋਟਾਂ ਮਿਲੀਆਂ, ਜੋ ਆਬਾਦੀ ਦਾ ਕਰੀਬ 11 ਫੀਸਦੀ ਤੱਕ ਹਨ। ਇਸ ਚੋਣ ਖੇਤਰ ਵਿੱਚ ਦੋ ਤਰ੍ਹਾਂ ਦੇ ਦਲਿਤ ਹਨ। ਵਾਲਮੀਕ (ਕੁੱਲ ਦਲਿਤ ਆਬਾਦੀ ਦਾ ਕਰੀਬ 20 ਫੀਸਦੀ ਤੇ ਜ਼ਿਆਦਾਤਰ ਭਾਜਪਾ ਦੇ ਸਮਰਥਕ) ਅਤੇ ਜਾਟਵ (ਦਲਿਤ ਆਬਾਦੀ ਦਾ ਅੱਸੀ ਫੀਸਦੀ, ਜੋ ਸਿਰਫ ਮਾਇਆਵਤੀ ਨੂੰ ਵੋਟ ਦਿੰਦੇ ਹਨ) ਜੇ ਸੀਟਾਂ ਦੇ ਤਾਲਮੇਲ ਦੇ ਲਿਹਾਜ਼ ਨਾਲ ਦੇਖੀਏ ਤਾਂ ਬਸਪਾ ਦਾ ਕੋਈ ਉਮੀਦਵਾਰ ਨਹੀਂ ਹੈ। ਇਸ ਹਾਲਤ ਵਿੱਚ ਗੁੱਜਰ ਤੇ ਜਾਟਵ ਦਲਿਤ ਕਿਸ ਨੂੰ ਵੋਟ ਦੇਣਗੇ? ਕੀ ਉਹ ਜਯੰਤ ਚੌਧਰੀ ਦੇ ਪੱਖ ਵਿੱਚ ਖੜ੍ਹੇ ਦਿਸਣਗੇ ਜਾਂ ਫਿਰ



ਮੋਦੀ ਦੀ ਅਪੀਲ ਸਤਿਆਪਾਲ ਸਿੰਘ ਦੇ ਸਮਰਥਨ ਵਿੱਚ ਬਦਲ ਸਕਦੀ ਹੈ, ਇਹ ਕਹਿਣਾ ਬੇਹੱਦ ਮੁਸ਼ਕਲ ਹੈ। ਕੈਰਾਨਾ ਵਾਂਗ ਹੀ ਬਾਗਪਤ ਵਿੱਚ ਗੁੱਜਰਾਂ ਦੇ ਉਲਟਫੇਰ ਦੇ ਨਾਲ ਹੀ ਸੰਯੁਕਤ ਆਪੋਜ਼ੀਸ਼ਨ ਦਾ ਦਬਦਬਾ ਜ਼ਰੂਰ ਹੈ।

ਕੈਰਾਨਾ

ਕੈਰਾਨਾ 'ਚ ਵੀ ਵੱਡੇ ਉਲਟਫੇਰ ਦੇਖੇ ਗਏ, ਜਦੋਂ ਹੁਕਮ ਸਿੰਘ ਦੀ ਮੌਤ ਤੋਂ ਬਾਅਦ ਭਾਜਪਾ ਨੇ ਉਨ੍ਹਾਂ ਦੀ ਬੇਟੀ ਮ੍ਰਿਗਾਂਕਾਂ ਨੂੰ 2018 ਦੀਆਂ ਚੋਣਾਂ 'ਚ ਉਮੀਦਵਾਰ ਦੇ ਤੌਰ 'ਤੇ ਉਤਾਰਿਆ। ਉਨ੍ਹਾਂ ਨੂੰ ਇਸ ਵਾਰ ਕੋਈ ਸੀਟ ਨਹੀਂ ਦਿੱਤੀ ਗਈ ਹੈ। ਉਨ੍ਹਾਂ ਨੇ ਇਸ ਗੱਲ ਨੂੰ ਸਪੱਸ਼ਟ ਤੌਰ 'ਤੇ ਜ਼ਾਹਿਰ ਕੀਤਾ ਕਿ ਉਨ੍ਹਾਂ ਨੂੰ ਇਸ ਦੁੱਖ ਹੈ। ਇਹ ਸੱਚ ਹੈ ਕਿ ਹੁਕਮ ਸਿੰਘ ਨੂੰ ਇਸ ਚੋਣ ਖੇਤਰ ਵਿੱਚ ਕਾਫੀ ਸਮਰਥਨ ਤੇ ਸਨਮਾਨ ਮਿਲਿਆ, ਪਰ ਉਨ੍ਹਾਂ ਦੀ ਬੇਟੀ ਨਾਲ ਅਜਿਹਾ ਨਹੀਂ ਹੈ।

ਮ੍ਰਿਗਾਂਕਾ 2018 ਦੀ ਉਪ ਚੋਣ ਵਿੱਚ ਤਬੱਸੁਮ ਹਸਨ ਤੋਂ ਹਾਰ ਗਈ, ਜੋ ਸਾਂਝੀ ਆਪੋਜ਼ੀਸ਼ਨ ਦੀ ਉਮੀਦਵਾਰ ਸੀ, ਪਰ ਉਦੋਂ ਆਪੋਜ਼ੀਸ਼ਨ ਇਕੱਠੀ ਸੀ। ਕਾਂਗਰਸ ਨੇ ਇਥੇ ਆਪਣਾ ਉਮੀਦਵਾਰ ਹਰਿੰਦਰ ਮਲਿਕ ਨੂੰ ਬਣਾਇਆ ਹੈ, ਜਿਨ੍ਹਾਂ ਪ੍ਰਤੀ ਸਨਮਾਨ ਹੋਣ ਦੇ ਨਾਲ ਵੋਟਰਾਂ ਦੀ ਸਰਬ ਸੰਮਤੀ ਵੀ ਹੈ। ਖਾਸ ਤੌਰ 'ਤੇ ਘੱਟਗਿਣਤੀ ਮੁਸਲਮਾਨ ਵੋਟਰਾਂ ਦੇ ਲਈ, ਜਿਨ੍ਹਾਂ ਦੀ ਤਦਾਦ 16 ਲੱਖ ਕੁੱਲ ਵੋਟਰਾਂ ਦੀ ਗਿਣਤੀ ਵਿੱਚ ਕਰੀਬ ਪੰਜ ਲੱਖ ਹੈ। 2018 ਦੀਆਂ ਆਖਰੀ ਚੋਣਾਂ ਵਿੱਚ ਤਬੱਸੁਮ ਹਸਨ ਨੂੰ 51 ਫੀਸਦੀ ਵੋਟਾਂ ਮਿਲੀਆਂ। ਕਾਰਨ ਇਹ ਸੀ ਕਿ ਉਨ੍ਹਾਂ ਦੇ ਵਿਰੁੱਧੇ ਸਿਰਫ ਭਾਜਪਾ ਹੀ ਖੜ੍ਹੀ ਸੀ। ਕਾਂਗਰਸ ਦੇ ਮਲਿਕ ਐਤਕੀਂ ਖੇਡ ਵਿਗਾੜ ਸਕਦੇ ਹਨ। ਉਸ ਦੀ ਸਿਆਸੀ ਖੇਤਰ ਵਿੱਚ ਚੰਗੀ ਪਕੜ ਹੈ। ਉਹ ਸਥਾਨਕ ਬੋਲੀ ਵਿੱਚ ਗੱਲ ਕਰਦੇ ਹਨ ਅਤੇ ਲੋਕਾਂ ਵਿਚਾਲੇ ਉਨ੍ਹਾਂ ਦਾ ਇੱਕ ਸਥਾਨ ਹੈ, ਪਰ ਨਿੰਜੀ ਤੌਰ 'ਤੇ ਉਨ੍ਹਾਂ ਨੇ ਆਪਣੇ ਇੱਕ ਸਮਰਥਕ ਨੂੰ ਕਿਹਾ ਕਿ ਉਹ ਇੱਕ ਬਲੀ ਦਾ ਬੱਕਰਾ ਹਨ ਕਿਉਂਕਿ ਉਹ ਮੁਸਲਮਾਨਾਂ ਦੀ ਹਮਾਇਤ ਤੋਂ ਬਿਨਾਂ ਚੋਣ ਨਹੀਂ ਜਿੱਤ ਸਕਦੇ ਅਤੇ ਮੁਸਲਮਾਨ ਤਬੱਸੁਮ ਹਸਨ ਨੂੰ ਵੋਟ ਦੇਣਗੇ। ਛੋਟੇ ਕਾਰੋਬਾਰੀ ਇਕਬਾਲ ਦਾ ਕਹਿਣਾ ਹੈ ਕਿ ਭਾਜਪਾ ਸਮਰਥਕ ਤਬੱਸੁਮ ਨੂੰ ਵੋਟ ਦੇਣਗੇ। ਇਸ ਹਾਲਤ ਵਿੱਚ ਭਾਜਪਾ ਲਈ ਸਥਿਤੀ ਕਿਹੋ ਜਿਹੀ ਹੈ? ਭਾਜਪਾ ਨੇ ਮ੍ਰਿਗਾਂਕਾ ਦੇ ਅਧਿਕਾਰ ਵਾਲੇ ਦਾਅਵੇ ਨੂੰ ਰੱਦ ਕਰਦੇ ਹੋਏ ਉਨ੍ਹਾਂ ਦੀ ਜਗ੍ਹਾ ਪ੍ਰਦੀਪ ਚੌਧਰੀ ਨੂੰ ਮੈਦਾਨ ਵਿੱਚ ਉਤਾਰਿਆ ਹੈ। ਔਸਤ ਭਾਜਪਾ ਵਰਕਰ ਵਰਕਰ ਨੇ ਡੂੰਘੀ ਚੁੱਪ ਧਾਰੀ ਹੋਈ ਹੈ, ਪਰ ਮਤਦਾਨ ਮੋਦੀ ਲਈ ਜਾਂ ਮੋਦੀਦੇ ਵਿਰੁੱਧ ਹੋਵੇਗਾ। ਭਾਜਪਾ ਵੱਲੋਂ ਇਹ ਸੀਟ ਹਾਰਨ ਦੀਆਂ ਵੱਡੀਆਂ ਸੰਭਾਵਨਾਵਾਂ ਹਨ।

ਮੁਜ਼ੱਫਰਨਗਰ

ਮੁਜ਼ੱਫਰਨਗਰ ਪੱਛਮੀ ਉਤਰ ਪ੍ਰਦੇਸ਼ ਦਾ ਪ੍ਰਮੁੱਖ ਇਲਾਕਾ ਹੈ। ਇਥੇ ਚੌਧਰੀ ਸਾਹਿਬ (ਅਜਿਤ ਸਿੰਘ ਇਨ੍ਹਾਂ ਇਲਾਕਿਆਂ 'ਚ ਇਸੇ ਨਾਂਅ ਨਾਲ ਮਸ਼ਹੂਰ ਹਨ।) ਭਾਜਪਾ ਦੇ ਸੰਜੀਵ ਬਾਲਿਆਨ ਦੇ ਵਿਰੁੱਧ ਖੜ੍ਹੇ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਬਾ-ਲਿਆਨ ਆਪਣੀ ਜਿੱਤ ਦੀ ਸੰਭਾਵਨਾ ਨੂੰ ਲੈ ਕੇ ਅਨਿਸ਼ਚਿਤਤਾ ਵਿੱਚ ਹਨ। ਉਹ ਆਸਾਨੀ ਨਾਲ ਪ੍ਰਭਾਵਤ ਹੋਣ ਵਾਲੇ ਲੋਕਾਂ ਵਿੱਚੋਂ ਨਹੀਂ ਹਨ। ਉਹ ਡਾਕਟਰ ਤੇ ਵਿਗਿਆਨਕ ਹਨ। ਉਨ੍ਹਾਂ ਨੇ 2014 ਵਿੱਚ ਚਾਰ ਲੱਖ ਵੋਟਾਂ ਦੇ ਫਰਕ ਨਾਲ ਜਿੱਤ ਦਰਜ ਕੀਤੀ ਸੀ, ਪਰ ਮੁਜ਼ੱਫਰਨਗਰ ਦੀ ਮੁੱਖ ਸਮੱਸਿਆ ਗੰਨੇ ਤੇ ਇਸ ਨਾਲ ਜੁੜੀ ਹੈ।

ਗਾਜ਼ੀਆਬਾਦ

ਕਾਂਗਰਸ ਦੀ ਉਮੀਦਵਾਰ ਡੌਲੀ ਸ਼ਰਮਾ ਕਾਰਨ ਗਾਜ਼ੀਆਬਾਦ ਦੀ ਗਿਣਤੀ ਥੋੜ੍ਹੀ ਉਲਟ-ਪੁਲਟ ਨਜ਼ਰ ਆ ਰਹੀ ਹੈ। ਭਾਜਪਾ ਦੇ ਜਨਰਲ ਵੀ ਕੇ ਸਿੰਘ ਦਾ ਬੂਥ ਪੱਧਰ ਦਾ ਸਹੀ ਢੰਗ ਨਾਲ ਤਾਲਮੇਲ ਅਸਫਲ ਹੋਣ ਦੀ ਸੰਭਾਵਨਾ ਘੱਟ ਹੀ ਹੈ, ਜਿਨ੍ਹਾਂ ਨੂੰ ਭਾਜਪਾ ਨੇ ਇਸ ਵਾਰ ਫਿਰ ਆਪਣਾ ਉਮੀਦਵਾਰ ਬਣਾਇਆ ਹੈ। 2014 ਵਿੱਚ ਨਰਿੰਦਰ ਮੋਦੀ ਤੋਂ ਬਾਅਦ ਉਨ੍ਹਾਂ ਨੇ ਹੀ ਸਭ ਤੋਂ ਵੱਧ ਵੋਟਾਂ ਦੇ ਫਰਕ ਨਾਲ ਜਿੱਤ ਦਰਜ ਕੀਤੀ ਸੀ, ਪਰ ਉਹ ਪ੍ਰਦਰਸ਼ਨ ਦੁਹਰਾਉਣਾ ਮੁਸ਼ਕਲ ਲੱਗ ਰਿਹਾ ਹੈ। ਇਹ ਸੰਭਾਵਨਾ ਹੈ ਕਿ ਆਪਣੀ ਸੀਟ ਬਚਾ ਲੈਣਗੇ, ਪਰ ਜਿੱਤ ਦੇ ਅੰਤਰ ਘਟ ਸਕਦਾ ਹੈ। ਸਪਾ-ਬਸਪਾ-ਰਾਲੋਦ ਦੇ ਉਮੀਦਵਾਰ ਸੁਰੇਸ਼ ਬਾਂਸਲ ਵੀ ਕੇ ਸਿੰਘ ਤੋਂ ਉਨ੍ਹਾਂ ਦੇ ਚੋਣ ਖੇਤਰ ਵਿੱਚ ਵਿਕਾਸ ਦੇ ਦਾਅਵਿਆਂ 'ਤੇ ਸਵਾਲ ਕਰਦੇ ਹਨ, ਪਰ ਮੁਸਲਮਾਨਾਂ ਵਿੱਚ ਵੀ ਵੰਡ ਦੱਸ ਰਹੀ ਹੈ। ਉਹ ਕਾਂਗਰਸ ਲਈ ਵੋਟ ਕਰ ਸਕਦੇ ਹਨ, ਪਰ ਮੁਮਕਿਨ ਹੈ ਕਿ ਬਾਂਸਲ ਦੀ ਹਮਾਇਤ ਵੀ ਕਰ ਦੇਣ। 2014 'ਚ ਸਹਾਰਨਪੁਰ ਨੂੰ ਛੱਡ ਕੇ ਭਾਜਪਾ ਉਮੀਦਵਾਰਾਂ ਨੇ ਇਸ ਖੇਤਰ ਦੇ ਸਾਰੇ ਸੱਤ ਚੋਣ ਖੇਤਰਾਂ 'ਚ ਆਪਣੇ ਵਿਰੋਧੀਆਂ ਨੂੰ ਦੋ ਲੱਖ ਤੋਂ ਜ਼ਿਆਦਾ ਵੋਟਾਂ ਨਾਲ ਹਰਾਇਆ ਸੀ। ਸਹਾਰਨ-ਪੁਰ ਵਿੱਚ ਭਾਜਪਾ ਉਮੀਦਵਾਰ ਨੇ 65 ਹਜ਼ਾਰ ਵੋਟਾਂ ਨਾਲ ਜਿੱਤ ਦਰਜ ਕੀਤੀ ਸੀ, ਪਰ ਸਵਾਲ ਹੈ ਕਿ ਇਸ ਵਾਰ ਕੀ ਹੋਵੇਗਾ? ਜਾਟ ਨੇਤਾ ਤੇ ਖੇਤੀ ਵਿਗਿਆਨੀ ਸੋਮਪਾਲ ਸਿੰਘ, ਜੋ ਵੀ ਪੀ ਸਿੰਘ ਸਰਕਾਰ ਦੇ ਕਾਰਜਕਾਲ ਦੌਰਾਨ ਕੇਂਦਰੀ ਮੰਤਰੀ ਸਨ, ਉਹ ਭਾਜਪਾ ਦੀ ਸੰਭਾਵਨਾ ਨੂੰ ਲੈ ਕੇ ਨਿਰਾਸ਼ਾ ਜਤਾਉਂਦੇ ਹਨ। ਅਜਿਹੀ ਹਾਲਤ ਵਿੱਚ ਸਿੱਟਾ ਇਹੀ ਨਿਕਲਦਾ ਹੈ ਕਿ ਲੋਕ ਮੋਦੀ ਨੂੰ ਚਾਹੁੰਦੇ ਜ਼ਰੂਰ ਹਨ, ਪਰ ਇਸ ਦਾ ਮਤਲਬ ਇਹ ਨਹੀਂ ਕਿ ਉਹ ਭਾਜਪਾ ਉਮੀਦਵਾਰ ਨੂੰ ਵੀ ਚਾਹੁੰਦੇ ਹਨ। ਯਕੀਨਨ ਸਾਰੇ ਅੜਿੱਕੇ ਇਸੇ ਕਾਰਨ ਹਨ।

# ਪ੍ਰਸਿੱਧ ਗੀਤਾਂ ਦੇ ਅਣਗੌਲੇ ਗੀਤਕਾਰ

-ਹਰਦਿਆਲ ਸਿੰਘ ਥੂਹੀ-

ਜਦੋਂ ਅਸੀਂ ਪੰਜਾਬੀ ਗਾਇਕੀ ਤੇ ਰਿਕਾਰਡਿੰਗ ਇਤਿਹਾਸ ਨੂੰ ਫੋਲਦੇ ਹਾਂ ਤਾਂ ਨਾਮਵਰ ਗਾਇਕਾਂ ਦੀ ਆਵਾਜ਼ ਵਿੱਚ ਰਿਕਾਰਡ ਕੁਝ ਅਜਿਹੇ ਗੀਤ ਮਿਲਦੇ ਹਨ, ਜਿਨ੍ਹਾਂ ਨੂੰ ਬਹੁਤ ਪ੍ਰਸਿੱਧੀ ਮਿਲੀ। ਇਹ ਗੀਤ ਉਨ੍ਹਾਂ ਗੀਤਕਾਰਾਂ ਦੇ ਰਚੇ ਹੋਏ ਨਹੀਂ, ਜਿਨ੍ਹਾਂ ਦੇ ਨਾਂ ਤੋਂ ਆਮ ਸਰੋਤੇ ਜਾਣੂ ਹਨ। ਆਮ ਲੋਕ ਨੰਦ ਲਾਲ ਨੂਰਪੁਰੀ, ਗੁਰਦੇਵ ਸਿੰਘ ਮਾਨ, ਇੰਦਰਜੀਤ ਹਸਨਪੁਰੀ, ਹਰਦੇਵ ਦਿਲਗੀਰ, ਬਾਬੂ ਸਿੰਘ ਮਾਨ, ਸਾਜਨ ਰਾਏਕੋਟੀ, ਚਮਨ ਲਾਲ ਸ਼ੁਗਲ, ਦੀਦਾਰ ਸੰਧੂ, ਰਾਮ ਸ਼ਰਨ ਜੋਸ਼ੀਲਾ ਆਦਿ ਦੀ ਚੰਗੀ ਜਾਣਕਾਰੀ ਰੱਖਦਾ ਹੈ। ਇਸੇ ਸੂਚੀ ਵਿੱਚ ਹੋਰ ਵੀ ਬਹੁਤ ਸਾਰੇ ਗੀਤਕਾਰ ਆ ਜਾਂਦੇ ਹਨ। ਇਨ੍ਹਾਂ ਗੀਤਕਾਰਾਂ ਦੇ ਗੀਤਾਂ ਦੀਆਂ ਸਮੇਂ-ਸਮੇਂ 'ਤੇ ਕਿਤਾਬਾਂ ਵੀ ਛਪੀਆਂ ਹਨ, ਜੋ ਅੱਜ ਕੱਲ੍ਹ ਆਮ ਨਹੀਂ, ਪਰ ਕਿਤੋਂ ਨਾ ਕਿਤੋਂ ਮਿਲ ਜਾਂਦੀਆਂ ਹਨ। ਪੰਜਾਬੀ ਗਾਇਕੀ ਦੇ ਸੌ ਕੁ ਸਾਲ ਦੇ ਰਿਕਾਰਡਿੰਗ ਦੇ ਇਤਿਹਾਸ ਨੂੰ ਵਾਚਣ 'ਤੇ ਪਤਾ ਚੱਲਦਾ ਹੈ ਕਿ ਇਹ ਅਥਾਹ ਸਮੁੰਦਰ ਹੈ, ਇਸ ਦੀ ਥਾਹ ਪਾਉਣਾ ਨਾ ਮੁਮਕਿਨ ਹੈ। ਦੇਸ਼ ਵੰਡ ਤੋਂ ਬਾਅਦ ਚਾਰ ਕੁ ਦਹਾਕਿਆਂ (1948 ਤੋਂ 1988 ਤੱਕ) ਦੇ ਇਤਿਹਾਸ ਵਿੱਚ ਵੀ ਅਣਗਿਣਤ ਗਾਇਕਾਂ ਦੀ ਰਿਕ-ਾਰਡਿੰਗ ਵੱਖ-ਵੱਕ ਰਿਕਾਰਡਿੰਗ ਕੰਪਨੀਆਂ ਵਿੱਚ ਹੋਈ। ਇਨ੍ਹਾਂ ਵਿੱਚ ਕੁਝ ਅਜਿਹੇ ਗਾਇਕ ਤੇ ਗੀਤਕਾਰ ਹਨ ਜਿਨ੍ਹਾਂ ਦੇ ਗੀਤ ਆਮ ਲੋਕਾਂ ਦੀ ਜ਼ੁਬਾਨ 'ਤੇ ਚੜ੍ਹੇ, ਪਰ ਉਨ੍ਹਾਂ ਦੇ ਨਾਂ ਥੇਹ ਬਾਰੇ ਜਾਣਕਾਰੀ ਨਹੀਂ। ਕੁਝ ਅਜਿਹੇ ਗੀਤਕਾਰ ਹਨ ਜਿਨ੍ਹਾਂ ਦੇ ਗੀਤ ਆਪਣੇ ਸਮੇਂ ਦੇ ਪ੍ਰਸਿੱਧ ਗਾਇਕਾਂ ਨੇ ਸੰਸਾਰ ਪ੍ਰਸਿੱਧ ਰਿਕਾਰਡਿੰਗ ਕੰਪਨੀ ਐਚ ਐਮ ਵੀ ਵਿੱਚ ਰਿਕਾਰਡ ਕਰਵਾਏ ਅਤੇ ਗੀਤ ਵੀ ਮਕਬੂਲ ਹੋਏ, ਪਰ ਉਹ ਗੀਤਕਾਰ ਗੁੰਮਨਾਮ ਹੀ ਹਨ, ਉਨ੍ਹਾਂ ਬਾਰੇ ਕਿਤੇ ਲਿਖਤੀ ਜਾਣਕਾਰੀ ਨਹੀਂ ਮਿਲਦੀ। ਇਥੇ ਅਸੀਂ ਅਜਿਹੇ ਦੋ ਗੀਤਕਾਰਾਂ ਦੇ ਗੀਤਾਂ ਬਾਰੇ ਗੱਲ ਕਰਾਂਗੇ। ਇਹ ਦੋ ਗੀਤਕਾਰ ਹਨ ਖੁਸ਼ਦਿਲ ਸਮਰਾਲਵੀ ਅਤੇ ਓਮ ਪ੍ਰਕਾਸ਼ ਸਮਰ।

ਪ੍ਰਸਿੱਧ ਗਾਇਕ ਚਾਂਦੀ ਰਾਮ ਚਾਂਦੀ ਉਰਫ ਚਾਂਦੀ ਰਾਮ ਵਲੀਪੁਰੀਆ ਦਾ ਪਹਿਲਾ ਗੀਤ 'ਮੁਟਿਆਰ ਦਾ ਸੁਫਨਾ' ਪ੍ਰਸਿੱਧ ਗੀਤਕਾਰ ਇੰਦਰਜੀਤ ਹਸਨਪੁਰੀ ਦਾ ਲਿਖਿਆ ਸੀ, ਪਰ ਇਹ ਬਹੁਤਾ ਨਹੀਂ ਚੱਲਿਆ। ਬਹੁਤੇ ਸਰੋਤਾਂ ਇਸ ਬਾਰੇ ਜਾਣਦੇ ਹੀ ਨਹੀਂ। ਚਾਂਦੀ ਰਾਮ ਦਾ ਦੂਜਾ ਤਵਾ, ਦੋ ਗੀਤ ਖੁਸ਼ਦਿਲ ਦੇ ਲਿਖੇ ਸਨ, ਜਿਨ੍ਹਾਂ ਚਾਂਦੀ ਰਾਮ ਦੀ ਪਛਾਣ ਬਣਾਈ। ਇਕਹਿਰੀ ਸਤਰ ਦੀ ਸਥਾਈ ਵਾਲੇ ਇਹ ਗੀਤ ਅੱਜ ਵੀ ਪੁਰਾਣੀ ਪੀੜ੍ਹੀ ਦੇ ਸਰੋਤਿਆਂ ਦੇ ਚੇਤਿਆਂ ਵਿੱਚ ਹਨ:

* ਸਤਰੰਗੀ ਪੀਂਘ ਵਰਗਾ
ਮੇਰੇ ਘੱਗਰੇ 'ਚ ਪਾ ਕੇ ਨਾਲਾ।
* ਮੁੰਡਿਆਂ ਦਾ ਦਿਲ ਮੋਹ ਲਿਆ
ਉਤੇ ਲੈ ਕੇ ਦੁਪੱਟਾ ਕਾਲੇ ਰੰਗ ਦਾ।

ਇਸ ਤੋਂ ਬਾਅਦ ਅਗਲੇ ਤਵੇ ਦੇ ਦੋਵੇਂ ਗੀਤ ਵੀ ਖੁਸ਼ਦਿਲ ਸਮਰਾਲਵੀ ਦੇ ਲਿਖੇ ਹੋਏ ਸਨ:

* ਰੰਗ ਚੋ ਕੇ ਪਰਾਂਤ ਵਿੱਚ ਪੈ ਗਿਆ
ਨੀ ਧੁੱਪ 'ਚ ਪਕਾਈਆਂ ਰੋਟੀਆਂ।
* ਨੀ ਛੜਿਆਂ ਦੀ ਨਜ਼ਰ ਬੁਰੀ
ਘੁੰਡ ਕੱਢ ਕੇ ਫਿਰੀਂ ਮੁਟਿਆਰੇ।

'ਰੰਗ ਚੋ ਕੇ ਪਰਾਂਤ ਵਿੱਚ ਪੈ ਗਿਆ' ਗੀਤ ਨੇ ਤਾਂ ਚਾਂਦੀ ਰਾਮ ਦੀ ਚਾਰੇ ਪਾਸੇ ਬੱਲੇ-ਬੱਲੇ ਕਰਵਾ ਦਿੱਤੀ। ਗੀਤਕਾਰ ਬਾਰੇ ਤਵੇ ਤਾਂ ਸਿਰਫ ਛਪਿਆ ਹੈ ਖੁਸ਼ਦਿਲ ਸਮਰਾਲਵੀ। ਗੀਤਾਂ ਦੇ ਆਖਰੀ ਬੰਦ ਵਿੱਚ ਕੇਵਲ 'ਖੁਸ਼ਦਿਲ' ਹੈ। ਇਸ ਤੋਂ ਵੱਧ ਕੋਈ ਜਾਣਕਾਰੀ ਨਹੀਂ

* ਇਸ ਜੋਬਨ ਨੂੰ ਦਾਗ ਨਾ ਲਾਵੀਂ।
ਸੰਭਲ-ਸੰਭਲ ਕੇ ਕਦਮ ਉਠਾਵੀਂ।
ਕੋਈ 'ਖੁਸ਼ਦਿਲ' ਵਾਜ ਨਾ ਮਾਰੇ
ਨੀ ਛੜਿਆਂ ਦੀ ਨਜ਼ਰ ਬੁਰੀ,
ਘੁੰਡ ਕੱਢ ਕੇ ਫਿਰੀਂ ਮੁਟਿਆਰੇ।
* ਮੇਰਾ ਤੇ ਅੜੀਓ 'ਖੁਸ਼ਦਿਲ' ਭੇਤੀ।
ਢਲ ਗਈ ਜਵਾਨੀ ਮੇਰੀ, ਸੁੱਕ ਗਈ ਖੇਤੀ
ਗੁੱਟ ਫੜ ਕੇ ਸਰ੍ਹਾਣੇ ਮੇਰੇ ਬਹਿ ਗਿਆ
ਨੀ ਧੁੱਪ 'ਚ ਪਕਾਈਆਂ ਰੋਟੀਆਂ
ਰੰਗ ਚੋ ਕੇ ਪਰਾਂਤ ਵਿੱਚ ਪੈ ਗਿਆ।
* 'ਖੁਸ਼ਦਿਲ' ਢੋਲਾ ਸੱਸ ਨੇ ਪੱਟਿਆ।
ਇਸ਼ਕ ਤੇਰੇ ਵਿੱਚ ਦੱਸ ਕੀ ਖੱਟਿਆ
ਨੀ ਚੰਦਰਾ ਗੁਆਂਢ ਬੁਰਾ
ਲਾਈ ਲੱਗ ਨਾ ਹੋਵੇ ਘਰ ਵਾਲਾ।
ਸੱਤ ਰੰਗੀਂ ਪੀਂਘ ਵਰਗਾ,
ਮੇਰੇ ਘੱਗਰੇ 'ਚ ਪਾ ਦੇ ਨਾਲਾ।
* ਹੁਸਨ ਤੇਰੇ ਦੀਆਂ ਕਿਰਨਾਂ ਕੋਲੋਂ
ਚੰਨ ਵੀ ਪਿਆ ਸ਼ਰਮਾਵੇ।
ਤਾਰੇ ਝਿਲਮਿਲ ਕਰਨੋਂ ਹਟ ਗਏ
ਭਰਦੇ ਹੌਕੇ ਹਾਵੇ।
'ਖੁਸ਼ਦਿਲ' ਤੇਰੇ ਰੂਪ ਨੇ
ਪਾਲੀ ਛੱਡਿਆ ਬਣਾ ਕੇ ਝੰਗ ਦਾ
ਨੀ ਮੁੰਡਿਆਂ ਦਾ ਦਿਲ ਮੋਹ ਲਿਆ
ਉਤੇ ਲੈ ਕੇ ਦੁੱਪਟਾ ਕਾਲੇ ਰੰਗ ਦਾ।

ਦੂਸਰਾ ਗੀਤਕਾਰ ਹੈ ਓਮ ਪ੍ਰਕਾਸ਼ ਸਮਰ, ਜਿਸ ਦੇ ਗੀਤਾਂ ਨੂੰ ਆਵਾਜ਼ ਦਿੱਤੀ ਪ੍ਰਸਿੱਧ ਗਾਇਕ ਭਾਨ ਸਿੰਘ ਮਾਹੀ ਨੇ। ਭਾਨ ਸਿੰਘ ਮਾਹੀ ਦੀ ਆਵਾਜ਼ ਵਿੱਚ 1963 ਵਿੱਚ ਜੋ ਪਹਿਲਾ ਤਵਾ ਰਿਲੀਜ਼ ਹੋਇਆ, ਉਸ ਦੇ ਦੋਵੇਂ ਗੀਤ ਓਮ ਪ੍ਰਕਾਸ਼ ਸਮਰ ਦੇ ਲਿਖੇ ਹੋਏ ਹਨ:

* ਨੀ ਸ਼ਹਿਰ ਨੂੰ ਨਾ ਜਾਵੀਂ ਗੋਰੀਏ
ਪੈਰੀਂ ਪਾ ਕੇ ਸਲੀਪਰ ਕਾਲੇ
ਜਿਣਸਾਂ ਦਾ ਮੁੱਲ ਦੱਸਣਾ
ਭੁੱਲ ਜਾਣਗੇ ਸ਼ਹਿਰ ਦੇ ਲਾਲੇ।
* ਫੁੱਲ ਚਿੜੀਆਂ ਕੰਘੀ ਨਾਲ ਪਾਵੇ.
ਨੀ ਚਾਅ ਮੁਕਲਾਵੇ ਦਾ।
ਗੋਰੀ ਤੇਲ ਮੁਸ਼ਕਣਾ ਲਾਵੇ,
ਨੀ ਚਾਅ ਮੁਕਲਾਵੇ ਦਾ।

ਇਸ ਤਵੇ ਦੇ ਬਨੇਰਿਆਂ 'ਤੇ ਵੱਜਣ ਨਾਲ ਭਾਨ ਸਿੰਘ ਮਾਹੀ ਦਾ ਨਾਂ ਪੰਜਾਬ ਦੇ ਕੋਨੇ-ਕੋਨੇ ਵਿੱਚ ਪੁੱਜ ਗਿਆ। ਇਸ ਤੋਂ ਬਾਅਦ ਮਾਹੀ ਦੀ ਆਵਾਜ਼ ਵਿੱਚ 'ਸਮਰ' ਦੇ ਲਗਾਤਾਰ ਕਈ ਗੀਤ ਰਿਕਾਰਡ ਹੋਏ। ਕੁਝ ਮੁਖੜੇ ਨਿਮਨ ਲਿਖਤ ਹਨ:

* ਭਾਬੀਏ ਨੀ ਘੁੰਡ ਕੱਢ ਲੈ
ਵੈਰੀ ਰੂਪ ਦਾ ਸੁਣੀਂਦਾ ਜੱਗ ਨੀ।
ਮੁੱਖ ਤੇਰਾ ਸੋਹਣਾ ਚੰਨ ਤੋਂ
ਜਾਵੇ ਚੰਨ ਦੀ ਨਜ਼ਰ ਨਾ ਲੱਗ ਨੀ।
* ਮਹਿੰਦੀ ਵਾਲਿਆਂ ਹੱਥਾਂ ਦਾ ਮੁੰਡਾ ਪੱਟਿਆ
ਨੀ ਸੁੱਕ ਕੇ ਤਵੀਤ ਹੋ ਗਿਆ।
ਉਹਨੂੰ ਬਿਰਹੋਂ ਦੇ ਛੱਜ ਵਿੱਚ ਛੱਟਿਆ
ਨੀ ਸੁੱਕ ਕੇ ਤਵੀਤ ਹੋ ਗਿਆ।
* ਲਾਡੋ ਸੱਸ ਦੀ ਨਜ਼ਰ ਨਾ ਆਵੇ
ਮੱਸਿਆ ਸਵੇਰ ਦੀ ਵਗੇ
ਦਿਲ ਹੱਥਾਂ 'ਚੋਂ ਨਿਕਲਦਾ ਜਾਵੇ
ਮੱਸਿਆ ਸਵੇਰ ਦੀ ਵਗੇ।
* ਪਾ ਲੈ ਝਾਂਜਰਾਂ ਕੂਚ ਕੇ ਅੱਡੀਆਂ
ਨੀ ਅੱਜ ਦਿਨ ਮੱਸਿਆ ਦਾ
ਜਾਣ ਭਰੀਆਂ ਮੇਲੇ ਨੂੰ ਗੱਡੀਆਂ
ਨੀ ਅੱਜ ਦਿਨ ਮੱਸਿਆ ਦਾ।
* ਰੰਗ ਜੋਗੀਆ ਟਸਰ ਦਾ ਨਾਲਾ
ਗੋਰੀ ਦੇ ਪਸਿੰਦ ਆ ਗਿਆ
ਥੱਲੇ ਰੇਸ਼ਮੀ ਪਰਾਂਦਾ ਕਾਲਾ
ਗੋਰੀ ਦੇ ਪਸਿੰਦ ਆ ਗਿਆ।
* ਨੀ ਸੱਸ, ਦੀਏ ਸੋਨ ਚਿੜੀਏ
ਚਲ ਚੱਲੀਏ ਸ਼ਹਿਰ ਪਟਿਆਲੇ
ਨੀ ਨਾਲੇ ਤੈਨੂੰ ਲੈ ਦੂੰ ਝੁਮਕੇ
ਨਾਲੇ ਲੈ ਦੂੰ ਸਲੀਪਰ ਕਾਲੇ।
* ਬੋਲੇਂ ਜਦੋਂ ਵੀ ਮੱਥੇ ਤੇ ਵੱਟ ਪਾ ਕੇ
ਨੀ ਭਾਬੀਏ ਮਜ਼ਾਜ ਸੜੀਏ।
ਗੱਲ ਜਿਹੜੀ ਵੀ ਕਰੇਂ ਤੂੰ ਕਰੇਂ ਲਾ ਕੇ
ਨੀ ਭਾਬੀਏ ਮਜ਼ਾਜ ਸੜੀਏ।


ਇਨ੍ਹਾਂ ਤੋਂ ਇਲਾਵਾ ਸਮਰ ਦੇ ਕੁਝ ਹੋਰ ਗੀਤ ਵੀ ਹਨ। ਇਕ ਗੀਤ ਮੋਹਣੀ ਨਰੂਲਾ ਤੇ ਸਾਥਣਾਂ ਦੀ ਆਵਾਜ਼ ਵਿੱਚ ਵੀ ਹਨ। ਕੁਝ ਗੀਤਾਂ ਦੇ ਆਖਰੀ ਬੰਦ ਹੇਠਾਂ ਦਿੱਤੇ ਹਨ, ਜਿਨ੍ਹਾਂ ਤੋਂ ਉਸ ਦੇ ਵਧੀਆ ਗੀਤਕਾਰ ਹੋਣ ਦਾ ਪਤਾ ਚੱਲਦਾ ਹੈ:


* ਨੀ ਉਡਦੇ ਪੰਖੇਰੂ ਡਿੱਗਦੇ
ਤੇਰੇ ਰੂਪ ਦੀ ਪਵੇ ਜਦ ਖਿੱਚ ਨੀ।
ਦੀਵੇ 'ਤੇ ਪਤੰਗੇ ਆਮਦੇ
ਜੀਕੂੰ ਸਾਉਣ ਦੇ ਮਹੀਨੇ ਵਿੱਚ ਨੀ।
ਤੇਰੇ ਪਿੱਛੇ ਸਾਧ ਹੋਮਦੇ
ਦੇਖੇ 'ਸਮਰ' ਮੁਰੱਬਿਆਂ ਵਾਲੇ।
ਨੀ ਸ਼ਹਿਰ ਨੂੰ ਨਾ ਜਾਵੀਂ ਗੋਰੀਏ
ਪੈਰੀਂ ਪਾ ਕੇ ਸਲੀਪਰ ਕਾਲੇ।
* ਦਿਲ 'ਚ ਉਮੰਗਾਂ ਸੈਂਕੜੇ
ਨਦੀ ਰੂਪ ਦੀ ਹਵੇਲੀ ਵਿੱਚ ਵਗਦੀ।
'ਸਮਰ' ਉਡੀਕ ਮਾਹੀ ਦੀ
ਉਹਦੀ ਅੱਡੀ ਨਾ ਜ਼ਮੀਨ ਉਤੇ ਲੱਗਦੀ।
ਸੱਜਰੇ ਪਿਆਰ ਦੇ ਅੱਗੇ
ਉਹਦੀ ਪੇਸ਼ ਕੋਈ ਨਾ ਜਾਵੇ।
ਚਾਅ ਮੁਕਲਾਵੇ ਦਾ
ਫੁੱਲ ਚਿੜੀਆਂ ਕੰਘੀ ਨਾਲ ਪਾਵੇ।
* ਮੋਢੇ ਨਾਲ ਮੋਢਾ ਮੇਲ ਕੇ
ਜਦੋਂ ਨਾਲ ਮੈਂ ਤੁਰਾਂਗਾ ਤੇਰੇ।
ਤਿਤਲੀ ਏ ਕਿਹੜੇ ਬਾਗ ਦੀ
ਆਹਾ ਕਹਿਣਗੇ ਲੰਗੋਟੀਏ ਮੇਰੇ।
ਨੀ ਦੇਖ ਕੇ ਹਰਾਸੇ ਰਹਿਣਗੇ
ਹੋ ਜਾਣਗੇ 'ਸਮਰ' ਮਤਵਾਲੇ।
ਨੀ ਸੱਸ ਦੀਏ ਸੋਨ ਚਿੜੀਏ
ਚਲ ਚੱਲੀਏ ਸ਼ਹਿਰ ਪਟਿਆਲੇ।
* ਖਿੱਦੋ ਵਾਂਗੂੰ ਉਂਗਲਾਂ 'ਤੇ ਗੋਰੀ
ਦਿਲਾਂ ਨੂੰ ਨਚਾਉਂਦੀ ਫਿਰਦੀ
ਪਿਆਰ ਦੇ ਪਿਆਸੇ ਬੈਠ ਗਏ
ਬਾਜ਼ੀ ਲਾ ਕੇ 'ਸਮਰ' ਧੜ ਸਿਰ ਦੀ।
ਠੋਡੀ ਵਿੱਚ ਖੁੱਤੀ ਫੱਬਦੀ
ਜੀਕੂੰ ਸ਼ੀਸ਼ੇ ਦੀ ਹਵੇਲੀ ਵਿੱਚ ਆਲਾ।
ਗੋਰੀ ਦੇ ਪਸਿੰਦ ਆ ਗਿਆ
ਰੰਗ ਜੋਗੀਆ ਟਸਰ ਦਾ ਨਾਲਾ

ਇਥੇ ਅਸੀਂ ਇਨ੍ਹਾਂ ਗੀਤਕਾਰਾਂ ਦੇ ਗੀਤਾਂ ਦੀਆਂ ਕਾਵਿ ਵਿਸ਼ੇਸ਼ਤਾਵਾਂ ਦੀ ਕੋਈ ਚਰਚਾ ਨਹੀਂ ਕਰਾਂਗੇ, ਕਿਉਂਕਿ ਇਹ ਵੱਖਰਾ ਵਿਸ਼ਾ ਹੈ। ਲੋੜ ਹੈ, ਇਨ੍ਹਾਂ ਗੀਤਕਾਰਾਂ ਦੇ ਪੰਜਾਬੀ ਗੀਤਕਾਰੀ ਭੰਡਾਰ ਵਿੱਚ ਪਾਏ ਯੋਗਦਾਨ ਸਦਕਾ ਇਨ੍ਹਾਂ ਨੂੰ ਪੰਜਾਬੀ ਗੀਤਕਾਰੀ ਦੇ ਇਤਿਹਾਸ ਵਿੱਚ ਸ਼ਾਮਲ ਕਰਨ ਦੀ।

KARTAR FURNITURE

ਫਰਨੀਚਰ ਦੀ ਦੁਨੀਆ ਦਾ
ਇੱਕੋ ਇੱਕ ਟਿਕਾਊ ਨਾਮ






ਕਰਤਾਰ ਫਰਨੀਚਰ

■ ਅਸੀਂ ਸੋਫਾ ਸੈਟ ਖੁੱਦ ਹੱਥੀ ਤਿਆਰ ਕਰਦੇ ਹਾਂ
■ ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜ਼ਾਇਨ ਦੱਸ ਸਕਦੇ ਹਨ
■ ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com

Call Rajinder Singh 416.741.9657

69 Westmore Dr. #20
Etobicoke ON, M9V 3Y6

## ਸਕੂਟਰ ਦੀ ਡਿੱਕੀ ਵਿੱਚੋਂ ਡੇਢ ਲੱਖ ਰੁਪਏ ਉਡਾਏ ਗਏ

ਭੋਗਪੁਰ, 10 ਅਪ੍ਰੈਲ (ਪੋਸਟ ਬਿਊਰੋ)- ਜਲੰਧਰ ਜ਼ਿਲੇ ਦੇ ਇਸ ਸ਼ਹਿਰ 'ਚ ਲੁਟੇਰਾ ਗਰੋਹ ਵੱਲੋਂ ਸਕੂਟਰ ਦੀ ਡਿੱਕੀ 'ਚੋਂ ਡੇਢ ਲੱਖ ਰੁਪਏ ਦੀ ਨਕਦੀ ਲੁੱਟੇ ਜਾਣ ਦੀ ਖਬਰ ਮਿਲੀ ਹੈ। ਪਤਾ ਲੱਗਾ ਹੈ ਕਿ ਉਂਕਾਰ ਸਿੰਘ ਨਾਂ ਦਾ ਬਜ਼ੁਰਗ, ਜੋ ਪਿੰਡ ਬੀਰਮਪੁਰ ਥਾਣਾ ਬੁੱਲੋਵਾਲ ਦਾ ਵਸਨੀਕ ਹੈ, ਕੱਲ੍ਹ ਬਾਅਦ ਦੁਪਹਿਰ ਟਾਂਡਾ ਸਥਿਤ ਸਰਕਾਰੀ ਬੈਂਕ 'ਚੋਂ ਆਪਣੇ ਖਾਤੇ 'ਚੋਂ ਡੇਢ ਲੱਖ ਦੀ ਨਕਦੀ ਕਢਵਾ ਕੇ ਨਿੱਜੀ ਕੰਮ ਲਈ ਸਕੂਟਰ 'ਤੇ ਭੋਗਪੁਰ ਆਇਆ ਸੀ। ਉਸ ਨੇ ਭੋਗਪੁਰ ਦੇ ਸ਼ਹੀਦ ਭਗਤ ਸਿੰਘ ਚੌਕ ਨੇੜੇ ਬਿਜਲੀ ਦੀ ਦੁਕਾਨ ਤੋਂ ਬਲੱਬ ਖਰੀਦਣ ਲਈ ਸਕੂਟਰ ਦੁਕਾਨ ਦੇ ਬਾਹਰ ਖੜਾ ਕਰ ਦਿੱਤਾ ਤੇ ਖੁਦ ਦੁਕਾਨ 'ਚ ਚਲਾ ਗਿਆ। ਜਦੋਂ ਵਾਪਸ ਆਇਆ ਤਾਂ ਸਕੂਟਰ ਵਿੱਚ ਰੱਖੇ ਪੈਸੇ ਗਾਇਬ ਸਨ। ਉਂਕਾਰ ਸਿੰਘ ਨੇ ਦੁਕਾਨਦਾਰਾਂ ਦੀ ਮਦਦ ਨਾਲ ਭੋਗਪੁਰ ਪੁਲਸ ਨੂੰ ਦੱਸਿਆ ਅਤੇ ਪੁਲਸ ਨੇ ਮੌਕੇ 'ਤੇ ਪੁੱਜ ਕੇ ਦੁਕਾਨ ਦੇ ਬਾਹਰ ਲੱਗੇ ਸੀ ਸੀ ਟੀ ਵੀ ਕੈਮਰਿਆਂ ਦੀ ਰਿਕਾਰਡਿੰਗ ਚੈਕ ਕੀਤੀ ਤਾਂ ਪਤਾ ਲੱਗਾ ਕਿ ਲੁਟੇਰੇ ਇਕ ਮੋਟਰ ਸਾਈਕਲ ਉੱਤੇ ਸਵਾਰ ਸਨ।

### ਸੁਖਪਾਲ ਸਿੰਘ ਖਹਿਰਾ ਕਹਿੰਦੈ:

## ਭਾਜਪਾ-ਅਕਾਲੀ ਦਲ ਦੀ ਸਾਜ਼ਿਸ਼ ਦਾ ਸ਼ਿਕਾਰ ਬਣ ਗਿਐ ਕੁੰਵਰ ਵਿਜੇ ਪ੍ਰਤਾਪ ਸਿੰਘ

ਚੰਡੀਗੜ੍ਹ, 10 ਅਪ੍ਰੈਲ (ਪੋਸਟ ਬਿਊਰੋ)- ਪੰਜਾਬ ਏਕਤਾ ਪਾਰਟੀ ਦੇ ਪ੍ਰਧਾਨ ਸੁਖਪਾਲ ਸਿੰਘ ਖਹਿਰਾ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਬਹਿਬਲ ਕਲਾਂ ਗੋਲੀਕਾਂਡ ਦੀ ਜਾਂਚ ਲਈ ਬਣਾਈ ਗਈ 'ਸਿਟ' ਦੇ ਸੀਨੀਅਰ ਮੈਂਬਰ ਕੁੰਵਰ ਵਿਜੇ ਪ੍ਰਤਾਪ ਸਿੰਘ ਨੂੰ ਭਾਰਤੀ ਚੋਣ ਕਮਿਸ਼ਨ ਵੱਲੋਂ ਉਨ੍ਹਾਂ ਦੇ ਅਹੁਦੇ ਤੋਂ ਹਟਾਉਣ ਦੀ ਕਰੜੇ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਇੰਝ ਲੱਗਦਾ ਹੈ ਕਿ ਚੋਣ ਕਮਿਸ਼ਨ ਆਈ ਜੀ ਕੰਵਰ ਵਿਜੇ ਪ੍ਰਤਾਪ ਸਿੰਘ ਦੇ ਖਿਲਾਫ ਅਕਾਲੀ ਦਲ ਤੇ ਭਾਜਪਾ ਦੀ ਸਾਜ਼ਿਸ਼ ਦਾ ਹਿੱਸੇਦਾਰ ਬਣ ਗਿਆ ਹੈ। ਉਨ੍ਹਾਂ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਅਪੀਲ ਕੀਤੀ ਕਿ ਜੇ ਉਹ ਵੀ ਇਸ ਫੈਸਲੇ ਦੇ ਖਿਲਾਫ ਹਨ ਤਾਂ ਰਾਹਤ ਲਈ ਸੁਪਰੀਮ ਕੋਰਟ ਵਿੱਚ ਪਹੁੰਚ ਕਰਨ।



ਇਸ ਸੰਬੰਧ ਵਿੱਚ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਐੱਸ ਆਈ ਟੀ (ਵਿਸ਼ੇਸ਼ ਜਾਂਚ ਟੀਮ) ਬਹਿਬਲ ਕਲਾਂ ਗੋਲੀ ਕਾਂਡ ਦੇ ਕੇਸ ਵਿੱਚ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਅਕਾਲੀ ਦਲ ਦੇ ਪ੍ਰਧਾਨ ਤੇ ਸਾਬਕਾ ਗ੍ਰਹਿ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਰੋਲ ਦੀ ਜਾਂਚ ਕਰ ਰਹੀ ਹੈ, ਜਿਸ ਬਾਰੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਨੇ ਸਬੂਤ ਇਕੱਠੇ ਕੀਤੇ ਸਨ। ਚੋਣ ਕਮਿਸ਼ਨ ਨੇ ਆਈ ਜੀ ਕੁੰਵਰ ਵਿਜੇ ਪ੍ਰਤਾਪ ਸਿੰਘ ਦੇ ਖਿਲਾਫ ਹੁਕਮ ਬੜੇ ਨਾਜ਼ੁਕ ਸਮੇਂ ਕੀਤੇ ਹਨ, ਜਦੋਂ ਐੱਸ ਆਈ ਟੀ ਕਿਸੇ ਨਤੀਜੇ 'ਤੇ ਪੁੱਜਣ ਵਾਲੀ ਸੀ। ਬਾਦਲ ਪਰਵਾਰ ਸ਼ੁਰੂ ਤੋਂ ਹੀ ਕੁੰਵਰ ਵਿਜੇ ਪ੍ਰਤਾਪ ਸਿੰਘ ਦਾ ਵਿਰੋਧ ਕਰ ਰਿਹਾ ਹੈ ਅਤੇ ਚੋਣ ਜ਼ਾਬਤੇ ਦਾ ਸਹਾਰਾ ਲੈ ਕੇ ਇਸ ਅਫਸਰ ਨੂੰ ਅਹੁਦੇ ਤੋਂ ਹਟਾਉਣ ਦੀ ਡੂੰਘੀ ਸਾਜ਼ਿਸ਼ ਰਚੀ ਗਈ ਹੈ। ਖਹਿਰਾ ਨੇ ਕਿਹਾ ਕਿ ਚੋਣ ਕਮਿਸ਼ਨ ਨੇ ਆਪਣੇ ਅਧਿਕਾਰਾਂ ਦੀ ਦੁਰਵਰਤੋਂ ਕਰ ਕੇ ਕੁੰਵਰ ਵਿਜੇ ਪ੍ਰਤਾਪ ਦੀ ਬਦਲੀ ਕੀਤੀ ਹੈ ਅਤੇ ਇਹ ਕਾਰਵਾਈ ਵਿਸ਼ੇਸ਼ ਜਾਂਚ ਟੀਮ ਵੱਲੋਂ ਕੀਤੀ ਜਾ ਰਹੀ ਜਾਂਚ ਵਿੱਚ ਦਖਲ ਤੇ ਨਿਆਂ ਨੂੰ ਕੁਰਾਹੇ ਪਾਉਣ ਦੀ ਸਾਜ਼ਿਸ਼ ਹੈ। ਖਹਿਰਾ ਨੇ ਕਿਹਾ ਕਿ ਉਹ ਇਸ ਗੱਲ ਤੋਂ ਹੈਰਾਨ ਹਨ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਚੋਣ ਕਮਿਸ਼ਨ ਦੀ ਇਸ ਕਾਰਵਾਈ ਦਾ ਸਰਕਾਰ ਤੇ ਨਿੱਜੀ ਪੱਧਰ ਉਤੇ ਕੋਈ ਵਿਰੋਧ ਨਹੀਂ ਕੀਤਾ, ਜਦ ਕਿ ਇਹ ਗੰਭੀਰ ਕੇਸ ਹੈ। ਉਨ੍ਹਾਂ ਕਿਹਾ ਕਿ ਉਹ ਹਮੇਸ਼ਾ ਤੋਂ ਕਹਿੰਦੇ ਆਏ ਹਨ ਕਿ ਅਮਰਿੰਦਰ ਸਿੰਘ ਤੇ ਬਾਦਲ ਪਰਵਾਰ ਆਪਸ ਵਿੱਚ ਮਿਲੇ ਹੋਏ ਹਨ ਅਤੇ ਇੱਕ ਦੂਜੇ ਖਿਲਾਫ ਕੋਈ ਕਾਰਵਾਈ ਨਹੀਂ ਹੋਣ ਦੇਣਗੇ।

## ਨੇਹਾ ਸ਼ੋਰੀ ਕਤਲ ਕੇਸ ਦੀ ਜਾਂਚ ਬਿਊਰੋ ਆਫ ਇਨਵੈਸਟੀਗੇਸ਼ਨ ਨੂੰ ਸੌਂਪੀ ਗਈ

ਜਲੰਧਰ, 10 ਅਪ੍ਰੈਲ (ਪੋਸਟ ਬਿਊਰੋ)- ਨੇਹਾ ਸ਼ੋਰੀ ਹੱਤਿਆ ਕਾਂਡ ਦੀ ਜਾਂਚ ਕੱਲ੍ਹ ਇਥੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਬਿਊਰੋ ਆਫ ਇਨਵੈਸਟੀਗੇਸ਼ਨ ਦੇ ਡਾਇਰੈਕਟਰ ਪ੍ਰਬੋਧ ਕੁਮਾਰ ਨੂੰ ਸੌਂਪ ਦਿੱਤੀ ਹੈ। ਮ੍ਰਿਤਕਾ ਨੇਹਾ ਸ਼ੋਰੀ ਦੇ ਪਰਵਾਰ ਨੇ ਕੱਲ੍ਹ ਮੁੱਖ ਮੰਤਰੀ ਨਾਲ ਮੁਲਾਕਾਤ ਕੀਤੀ ਸੀ, ਜਿਸ ਵਿੱਚ ਉਨ੍ਹਾਂ ਨੇ ਜਾਂਚ ਦਾ ਕੰਮ ਮੁਹਾਲੀ ਜ਼ਿਲ੍ਹੇ ਤੋਂ ਬਾਹਰ ਸ਼ਿਫਟ ਕਰਨ ਦੀ ਅਪੀਲ ਕੀਤੀ ਸੀ।

ਪੰਜਾਬ ਸਰਕਾਰ ਦੇ ਬੁਲਾਰੇ ਨੇ ਦੱਸਿਆ ਕਿ ਕੈਪਟਨ ਅਮਰਿੰਦਰ ਸਿੰਘ ਨੇ ਮੁੱਖ ਸਕੱਤਰ ਤੋਂ ਪੁੱਛਿਆ ਹੈ ਕਿ ਉਹ ਦੋਸ਼ੀ ਬਲਵਿੰਦਰ ਸਿੰਘ ਨੂੰ ਰੋਪੜ ਜ਼ਿਲ੍ਹਾ ਪੁਲਸ ਵੱਲੋਂ ਦਿੱਤੇ ਗਏ ਰਿਵਾਲਵਰ ਦੇ ਲਾਇਸੈਂਸ ਦੀ ਜਾਂਚ ਕਰ ਕੇ ਦੱਸਣ ਕਿ ਉਸ ਵਿਅਕਤੀ ਨੂੰ ਹਥਿਆਰ ਦਾ ਲਾਇਸੈਂਸ ਰੋਪੜ ਪੁਲਸ ਅਤੇ ਜ਼ਿਲ੍ਹਾ ਮੈਜਿਸਟਰੇਟ ਨੇ ਕਿਉਂ ਦਿੱਤਾ ਹੈ। ਮੁੱਖ ਸਕੱਤਰ ਇਸ ਗੱਲ ਦੀ ਜਾਂਚ ਕਰਨਗੇ ਕਿ ਰੋਪੜ ਵਿਚਲੇ ਹਥਿਆਰਾਂ ਦੇ ਡੀਲਰ ਨੇ ਦੋਸ਼ੀ ਨੂੰ ਹਥਿਆਰ ਕਿਉਂ ਵੇਚਿਆ ਸੀ। ਮੁੱਖ ਮੰਤਰੀ ਨੇ ਸਪੱਸ਼ਟ ਕੀਤਾ ਕਿ ਨੇਹਾ ਕਤਲ ਕੇਸ ਦੀ ਨਿਰਪੱਖਤਾ ਨਾਲ ਜਾਂਚ ਹੋਵੇਗੀ ਤੇ ਜਾਂਚ ਅਧਿਕਾਰੀਆਂ ਦੇ ਕੰਮ ਵਿੱਚ ਕਿਸੇ ਦੀ ਵੀ ਦਖਲ ਅੰਦਾਜ਼ੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਮੁੱਖ ਮੰਤਰੀ ਨਾਲ ਮੁਲਾਕਾਤ ਦੌਰਾਨ ਨੇਹਾ ਦੇ ਪਰਵਾਰ ਨੇ ਕਿਹਾ ਕਿ ਨੇਹਾ ਦੀ ਹੱਤਿਆ ਸੋਚੀ-ਸਮਝੀ ਸਾਜ਼ਿਸ਼ ਹੈ ਅਤੇ ਇਸ ਦੀ ਡੂੰਘਾਈ ਨਾਲ ਜਾਂਚ ਦੀ ਲੋੜ ਹੈ।



## ਚੋਣ ਜ਼ਾਬਤੇ ਦੀ ਉਲੰਘਣਾ ਕਾਰਨ ਐਕਸਾਈਜ਼ ਵਾਲੇ ਅੱਠ ਅਫਸਰ ਬਦਲੇ

ਜਲੰਧਰ, 10 ਅਪ੍ਰੈਲ (ਪੋਸਟ ਬਿਊਰੋ)- ਹਜ਼ਾਰਾਂ ਦੀ ਗਿਣਤੀ ਵਿੱਚ ਸ਼ਰਾਬ ਦੀਆਂ ਪੇਟੀਆਂ ਬਰਾਮਦ ਕਰਨ ਦੇ ਬਾਵਜੂਦ ਉਸ ਦੀ ਸੂਚਨਾ ਚੋਣ ਕਮਿਸ਼ਨ ਨੂੰ ਨਾ ਦੇਣਾ ਐਕਸਾਈਜ਼ ਵਿਭਾਗ ਨੂੰ ਮਹਿੰਗਾ ਪਿਆ ਹੈ। ਚੋਣ ਕਮਿਸ਼ਨ ਦੇ ਹੁਕਮਾਂ ਉਤੇ ਤਿੰਨ ਈ ਟੀ ਓ ਅਤੇ ਪੰਜ ਐਕਸਾਈਜ਼ ਇੰਸਪੈਕਟਰ ਤਬਦੀਲ ਕਰ ਦਿੱਤੇ ਗਏ ਹਨ।

ਵਿਭਾਗੀ ਜਾਣਕਾਰੀ ਦੇ ਮੁਤਾਬਕ ਐਕਸਾਈਜ਼ ਜਲੰਧਰ-1 ਤੋਂ ਇੱਕ ਈ ਟੀ ਓ ਐਕਸਾਈਜ਼ ਤੇ ਇੱਕ ਐਕਸਾਈਜ਼ ਇੰਸਪੈਕਟਰ ਨੂੰ ਬਦਲਿਆ ਗਿਆ ਅਤੇ ਜਲੰਧਰ-2 ਤੋਂ ਇੱਕ ਈ ਟੀ ਓ ਅਤੇ ਚਾਰ ਐਕਸਾਈਜ਼ ਇੰਸਪੈਕਟਰ ਤਬਦੀਲ ਕੀਤੇ ਗਏ ਹਨ। ਇਸ ਦੇ ਇਲਾਵਾ ਟੈਕਸੇਸ਼ਨ ਵਿੱਚੋਂ ਇੱਕ ਈ ਟੀ ਓ ਦਾ ਤਬਾਦਲਾ ਵੀ ਕੀਤਾ ਗਿਆ ਹੈ। ਜਲੰਧਰ-2 ਦੇ ਅਧਿਕਾਰੀਆਂ ਨੂੰ ਲੁਧਿਆਣਾ ਅਤੇ ਐਕਸਾਈਜ਼ ਜਲੰਧਰ-1 ਦੇ ਅਧਿਕਾਰੀਆਂ ਨੂੰ ਟੈਕਸੇਸ਼ਨ ਵਿੱਚ ਤਬਦੀਲ ਕੀਤਾ ਗਿਆ ਅਤੇ ਇੱਕ ਈ ਟੀ ਓ ਕਪੂਰਥਲਾ ਭੇਜ ਦਿੱਤਾ ਗਿਆ ਹੈ। ਐਕਸਾਈਜ਼ ਵਿਭਾਗ ਵੱਲੋਂ ਇੱਕੋ ਦਿਨ ਜਲੰਧਰ ਦੇ ਤਿੰਨ ਥਾਵਾਂ ਉਤੇ ਹਜ਼ਾਰਾਂ ਸ਼ਰਾਬ ਦੀਆਂ ਪੇਟੀਆਂ ਫੜਨ ਬਾਰੇ ਖਬਰ ਅਖਬਾਰਾਂ ਨੇ ਪ੍ਰਮੁੱਖਤਾ ਨਾਲ ਛਪੀ ਸੀ। ਉਸ ਸਮੇਂ ਅਧਿਕਾਰੀਆਂ ਨੇ ਤਿੰਨ ਦਿਨ ਤੱਕ ਰਿਪੋਰਟ ਤਿਆਰ ਨਾ ਹੋਣ ਦਾ ਤਰਕ ਦੇ ਕੇ ਕੋਈ ਜਾਣਕਾਰੀ ਦੇਣੋਂ ਨਾਂਹ ਕਰ ਦਿੱਤੀ ਸੀ। ਕੁਝ ਦਿਨ ਪਹਿਲਾਂ ਜਲੰਧਰ ਵਿੱਚ ਤਿੰਨ ਥਾਵਾਂ 'ਤੇ ਐਕਸਾਈਜ਼ ਵਿਭਾਗ ਨੇ ਹਜ਼ਾਰਾਂ ਪੇਟੀਆਂ ਸ਼ਰਾਬ ਫੜੀ ਸੀ ਤਾਂ ਸ਼ਰਾਬ ਨਾਜਾਇਜ਼ ਨਹੀਂ ਸੀ, ਪਰ ਵਿਭਾਗ ਨੇ ਉਸ ਦੇ ਬਾਰੇ ਚੋਣ ਕਮਿਸ਼ਨ ਨੂੰ ਸੂਚਨਾ ਨਹੀਂ ਦਿੱਤੀ। ਨਿਯਮਾਂ ਮੁਤਾਬਕ ਚੋਣ ਜ਼ਾਬਤਾ ਲਾਗੂ ਹੋਣ ਦੌਰਾਨ ਐਕਸਾਈਜ਼ ਵਿਭਾਗ ਨੂੰ ਸਾਰੀ ਜਾਣਕਾਰੀ ਚੋਣ ਕਮਿਸ਼ਨ ਨੂੰ 24 ਘੰਟੇ ਅੰਦਰ ਦੇਣੀ ਹੁੰਦੀ ਹੈ, ਪਰ ਵਿਭਾਗ ਨੇ ਤਿੰਨ ਥਾਵਾਂ 'ਤੇ ਹਜ਼ਾਰਾਂ ਸ਼ਰਾਬ ਦੀਆਂ ਪੇਟੀਆਂ ਨੂੰ ਬਰਾਮਦ ਕਰਨ ਬਾਰੇ ਜਾਣਕਾਰੀ ਚੋਣ ਕਮਿਸ਼ਨ ਨੂੰ ਨਹੀਂ ਦਿੱਤੀ।

## ਪਿੰਡ ਪੰਜਵੜ ਵਿੱਚ ਗੁਟਕਾ ਸਾਹਿਬ ਦੀ ਬੇਅਦਬੀ

ਝਬਾਲ, 10 ਅਪ੍ਰੈਲ (ਪੋਸਟ ਬਿਊਰੋ)- ਪਿੰਡ ਪੰਜਵੜ ਵਿੱਚ ਸੁੱਕੇ ਸੂਏ ਵਿੱਚੋਂ ਸ੍ਰੀ ਸੁਖਮਨੀ ਸਾਹਿਬ ਦੀ ਬਾਣੀ ਦੇ ਗੁਟਕਾ ਸਾਹਿਬ ਦੇ ਅੰਗ ਖਿੱਲਰੇ ਹੋਏ ਮਿਲਣ ਨਾਲ ਲੋਕਾਂ ਵਿੱਚ ਰੋਸ ਪਾਇਆ ਜਾ ਰਿਹਾ ਹੈ। ਪਤਾ ਲੱਗਾ ਹੈ ਕਿ ਪਿੰਡ ਪੰਜਵੜ ਦੇ ਸਰਬਜੀਤ ਸਿੰਘ ਅਤੇ ਖਜਾਨ ਸਿੰਘ ਨੇ ਇਸ ਨੂੰ ਸਭ ਤੋਂ ਪਹਿਲਾਂ ਵੇਖਿਆ ਅਤੇ ਫਿਰ ਇਲਾਕੇ ਵਿਚ ਇਹ ਖ਼ਬਰ ਅੱਗ ਵਾਂਗ ਫੈਲ ਗਈ। ਬੇਅਦਬੀ ਦੀ ਵਾਪਰੀ ਇਸ ਘਟਨਾ ਦਾ ਪਤਾ ਲੱਗਦੇ ਸਾਰ ਬਾਬਾ ਬੁੱਢਾ ਜੀ ਸਤਿਕਾਰ ਕਮੇਟੀ ਦੇ ਮੀਤ ਪ੍ਰਧਾਨ ਪ੍ਰਗਟ ਸਿੰਘ ਪੰਡੋਰੀ ਤੇ ਹੋਰ ਵੱਡੀ ਗਿਣਤੀ ਵਿਚ ਸੰਗਤਾਂ ਮੌਕੇ ਉੱਤੇ ਪਹੁੰਚ ਗਈਆਂ ਤੇ ਸਤਿਨਾਮ ਵਾਹਿਗੁਰੂ ਦਾ ਜਾਪ ਕਰਦਿਆਂ ਖਿੱਲਰੇ ਹੋਏ ਅੰਗਾਂ ਨੂੰ ਸਤਿਕਾਰ ਨਾਲ ਇਕੱਠੇ ਕਰ ਕੇ ਥਾਣਾ ਝਬਾਲ ਦੇ ਮੁਖੀ ਇੰਸਪੈਕਟਰ ਬਲਜੀਤ ਸਿੰਘ ਦੀ ਹਾਜ਼ਰੀ ਵਿੱਚ ਗੁਰਦੁਆਰਾ ਸ਼ਹੀਦ ਸਿੰਘਾਂ ਪੰਜਵੜ ਵਿਖੇ ਪੁਚਾ ਦਿੱਤਾ। ਇਸ ਘਟਨਾ ਦੀ ਨਿਖੇਧੀ ਕਰਦਿਆਂ ਬਾਬਾ ਬੁੱਢਾ ਸਾਹਿਬ ਜੀ ਸਤਿਕਾਰ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਪੰਜਵੜ, ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਝਬਾਲ, ਖਾਲੜਾ ਕਮੇਟੀ ਦੇ ਚੇਅਰਮੈਨ ਬਲਵਿੰਦਰ ਸਿੰਘ ਝਬਾਲ ਤੇ ਹੋਰਨਾਂ ਨੇ ਕਿਹਾ ਕਿ ਇਹ ਘਿਨਾਉਣੀ ਹਰਕਤ ਕਰਨ ਵਾਲਿਆਂ ਦੀ ਪਛਾਣ ਕਰ ਕੇ ਉਨ੍ਹਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇ।

## ਸ਼ਹੀਦ ਸੁਖਦੇਵ ਦੀ ਫੋਟੋ ਦੇ ਮਾਮਲੇ ਵਿੱਚ ਮਾਹਰਾਂ ਤੋਂ ਸਲਾਹ ਲਈ ਜਾਵੇਗੀ: ਚੇਅਰਮੈਨ

ਐਸ ਏ ਐਸ ਨਗਰ, 10 ਅਪ੍ਰੈਲ (ਪੋਸਟ ਬਿਊਰੋ)- ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਛਾਪੀ ਗਈ ਚੌਥੀ ਜਮਾਤ ਦੇ ਪੰਜਾਬੀ ਵਿਸ਼ੇ ਦੀ ਕਿਤਾਬ ਵਿੱਚ ਸ਼ਹੀਦ ਸੁਖਦੇਵ ਦੀ ਜੀਵਨੀ ਵਿੱਚ ਰਾਜਗੁਰੂ ਦੀ ਤਸਵੀਰ ਛਾਪਣ ਬਾਰੇ ਉਠੇ ਸ਼ੰਕਿਆਂ ਬਾਰੇ ਸਿੱਖਿਆ ਬੋਰਡ ਘੋਖ ਕਰਨ ਲੱਗ ਪਿਆ ਹੈ। ਅਫਸਰਾਂ ਨੇ ਸਫਾਈ ਦਿੱਤੀ ਹੈ ਕਿ ਛਪੀ ਹੋਈ ਤਸਵੀਰ ਬਾਰੇ ਕਮੇਟੀ ਵੱਲੋਂ ਹਾਸਲ ਕੀਤੀ ਜਾਣਕਾਰੀ ਮੁਤਾਬਕ ਇਹ ਤਸਵੀਰ ਸ਼ਹੀਦ ਸੁਖਦੇਵ ਦੀ ਜਾਪਦੀ ਹੈ।

ਇਸ ਸੰਬੰਧ ਵਿੱਚ ਚੇਅਰਮੈਨ ਮਨੋਹਰ ਕਾਂਤ ਕਲੋਹੀਆ ਨੇ ਹਾਲੇ ਹੋਰ ਡੂੰਘਾਈ ਨਾਲ ਜਾਂਚ ਕਰਨ ਦੀ ਹਦਾਇਤ ਕੀਤੀ ਹੈ। ਬੋਰਡ ਦੇ ਵਾਈਸ ਚੇਅਰਮੈਨ ਬਲਦੇਵ ਸਚਦੇਵਾ ਮੁਤਾਬਕ ਸੂਬਾ ਸਰਕਾਰ ਵੱਲੋਂ ਐਨ ਆਰ ਆਈ ਮਾਮਲਿਆਂ ਦੇ ਵਿਭਾਗ ਦੇ ਹਵਾਲੇ ਨਾਲ ਕਰਵਾਏ ਗਏ ਸ਼ਹੀਦ ਦੇ ਸਨਮਾਨ ਸਮਾਗਮ ਵਿੱਚ ਸ਼ਹੀਦ ਸੁਖਦੇਵ ਦੀ ਇਹ ਹੀ ਤਸਵੀਰ ਵਰਤੀ ਗਈ ਸੀ ਅਤੇ ਸਗੋਂ ਏ ਕੇ ਗਾਂਧੀ ਵੱਲੋਂ ਸ਼ਹੀਦ ਸੁਖਦੇਵ ਬਾਰੇ ਛਾਪੀ ਕਿਤਾਬ ਦੇ ਟਾਈਟਲ ਉੱਤੇ ਵੀ ਸ਼ਹੀਦ ਦੀ ਇਹੋ ਤਸਵੀਰ ਵਰਤੀ ਗਈ ਹੈ। ਜਾਂਚ ਕਮੇਟੀ ਦਾ ਕਹਿਣਾ ਹੈ ਕਿ ਚੇਅਰਮੈਨ ਦੀਆਂ ਹਦਾਇਤਾਂ ਮੁਤਾਬਕ ਜਾਣਕਾਰੀ ਦੀ ਹੋਰ ਪਕਿਆਈ ਲਈ ਯੂਨੀਵਰਸਿਟੀ ਪੱਧਰ 'ਤੇ ਇਤਿਹਾਸ ਵਿਭਾਗ ਦੇ ਮਾਹਰਾਂ ਨੂੰ ਤਸਵੀਰਾਂ ਭੇਜ ਕੇ ਸਲਾਹ ਮੰਗੀ ਗਈ ਹੈ। ਉਨ੍ਹਾਂ ਕਿਹਾ ਕਿ ਅਕਾਦਮਿਕ ਪੱਖੋਂ ਸਪੱਸ਼ਟਤਾ ਲਈ ਮੁੱਢਲੀ ਜਾਂਚ ਤੋਂ ਬਾਅਦ ਇਸ ਮਾਮਲੇ ਦੀ ਡੂੰਘੀ ਪੜਤਾਲ ਕੀਤੀ ਜਾਵੇਗੀ ਤੇ ਕਿਸੇ ਨਤੀਜੇ 'ਤੇ ਪੁੱਜਣ ਦੀ ਕਾਹਲੀ ਨਹੀਂ ਕੀਤੀ ਜਾਵੇਗੀ।



## ਬਟਾਲਾ ਵਿੱਚ ਸਾਬਕਾ ਫੌਜੀ ਮਾਰ ਦਿੱਤਾ ਗਿਆ

ਬਟਾਲਾ, 10 ਅਪ੍ਰੈਲ (ਪੋਸਟ ਬਿਊਰੋ)- ਥਾਣਾ ਸੇਖਵਾਂ ਦੇ ਪਿੰਡ ਸਤਕੋਹਾ ਵਿੱਚ ਖੇਤਾਂ ਦੇ ਕਿਨਾਰੇ ਕੱਲ੍ਹ ਬੀ ਐਸ ਐਫ ਦੇ ਸਾਬਕਾ ਕਰਮਚਾਰੀ ਦੀ ਲਾਸ਼ ਮਿਲੀ। ਉਸ ਦੇ ਮੱਥੇ ਅਤੇ ਗਰਦਨ 'ਤੇ ਸੱਟ ਦੇ ਨਿਸ਼ਾਨ ਸਨ। ਪੁਲਸ ਨੇ ਅਣਪਛਾਤੇ ਲੋਕਾਂ ਦੇ ਖਿਲਾਫ ਹੱਤਿਆ ਦਾ ਮਾਮਲਾ ਦਰਜ ਕਰਕੇ ਪੜਤਾਲ ਸ਼ੁਰੂ ਕਰ ਦਿੱਤੀ ਹੈ। ਮ੍ਰਿਤਕ ਫੌਜੀ ਦੀ ਪਛਾਣ ਗੁਰਨਾਮ ਸਿੰਘ (50) ਵਾਸੀ ਆਈ ਟੀ ਆਈ ਕਾਹਨੂੰਵਾਨ ਰੋਡ ਬਟਾਲਾ ਦੇ ਰੂਪ ਵਿੱਚ ਹੋਈ ਹੈ। ਉਸ ਦੀ ਲਾਸ਼ ਦੀ ਪਛਾਣ ਉਸ ਦੀ ਪਤਨੀ ਅਤੇ ਬੇਟੇ ਨੇ ਬਟਾਲਾ ਦੇ ਸਿਵਲ ਹਸਪਤਾਲ ਵਿੱਚ ਪਹੁੰਚ ਕੇ ਕੀਤੀ। ਕੱਲ੍ਹ ਹੋਏ ਇਸ ਕਤਲ ਦੀ ਸੂਚਨਾ ਮਿਲਦੇ ਸਾਰ ਐਸ ਐਸ ਪੀ ਬਟਾਲਾ ਉਪਿੰਦਰਜੀਤ ਸਿੰਘ ਘੁੰਮਣ ਅਤੇ ਹੋਰ ਅਧਿਕਾਰੀ ਜਾਂਚ ਕਰਨ ਲਈ ਮੌਕੇ ਉੱਤੇ ਪਹੁੰਚੇ। ਥਾਣਾ ਸੇਖਵਾਂ ਦੇ ਐਸ ਐਚ ਓ ਕੁਲਦੀਪ ਸਿੰਘ ਨੇ ਦੱਸਿਆ ਕਿ ਮ੍ਰਿਤਕ ਗੁਰਨਾਮ ਸਿੰਘ ਬੀ ਐਸ ਐਫ ਵਿੱਚ 20 ਸਾਲ ਨੌਕਰੀ ਕਰਨ ਪਿੱਛੋਂ ਰਿਟਾਇਰ ਹੋਇਆ ਸੀ। ਘਰ ਵਾਲਿਆਂ ਦੇ ਅਨੁਸਾਰ ਗੁਰਨਾਮ ਸਿੰਘ ਦੇ ਘਰ ਦੇ ਕੋਲ ਇਕ ਪਲਾਟ ਸੀ, ਜਿਸ ਵਿੱਚ ਉਸ ਨੇ ਸਬਜ਼ੀਆਂ ਲਾਈਆਂ ਸਨ। ਕੱਲ੍ਹ ਰਾਤ ਉਸ ਨੇ ਪਰਵਾਰ ਦੇ ਮੈਂਬਰਾਂ ਨੂੰ ਕਿਹਾ ਕਿ ਉਹ ਸੌਂ ਜਾਣ, ਕਿਉਂਕਿ ਉਹ ਸਬਜ਼ੀਆਂ ਨੂੰ ਪਾਣੀ ਦੇਣ ਲਈ ਪਲਾਟ 'ਤੇ ਜਾ ਰਿਹਾ ਹੈ, ਉਸ ਨੂੰ ਦੇਰ ਹੋ ਜਾਵੇਗੀ। ਇਸ ਦੇ ਬਾਅਦ ਜਦ ਦੇਰ ਰਾਤ ਤੱਕ ਗੁਰਨਾਮ ਘਰ ਵਾਪਸ ਨਾ ਆਇਆ ਤਾਂ ਘਰ ਵਾਲਿਆਂ ਨੇ ਭਾਲ ਸ਼ੁਰੂ ਕਰ ਦਿੱਤੀ, ਪਰ ਉਸ ਦਾ ਕੋਈ ਸੁਰਾਗ ਨਹੀਂ ਮਿਲਿਆ। ਐਸ ਐਚ ਓ ਨੇ ਦੱਸਿਆ ਕਿ ਕੱਲ੍ਹ ਸਵੇਰੇ ਪਿੰਡ ਸਤਕੋਹਾ ਦੇ ਇਕ ਕਿਸਾਨ ਨੇ ਪੁਲਸ ਨੂੰ ਦੱਸਿਆ ਕਿ ਉਨ੍ਹਾਂ ਦੇ ਖੇਤਾਂ ਕੋਲ ਇਕ ਬੰਦੇ ਦੀ ਖੂਨ ਨਾਲ ਲਥਪਥ ਲਾਸ਼ ਪਈ ਹੈ। ਪੁਲਸ ਸੂਚਨਾ ਮਿਲਦੇ ਸਾਰ ਘਟਨਾ ਸਥਾਨ ਉਤੇ ਪਹੁੰਚੀ। ਐਸ ਐਚ ਓ ਨੇ ਦੱਸਿਆ ਕਿ ਜਾਂਚ ਵਿੱਚ ਪੁਲਸ ਨੂੰ ਲੱਗ ਰਿਹਾ ਹੈ ਕਿ ਗੁਰਨਾਮ ਸਿੰਘ ਦਾ ਕਤਲ ਕੀਤਾ ਗਿਆ ਹੈ।

## ਸੀ ਬੀ ਆਈ ਅਦਾਲਤ ਵੱਲੋਂ ਈ ਡੀ ਮਾਮਲੇ ਵਿੱਚ ਗਾਬਾ ਤੇ ਹੈਪੀ ਦੀ ਜ਼ਮਾਨਤ ਮਨਜ਼ੂਰ

ਐਸ ਏ ਐਸ ਨਗਰ, 10 ਅਪ੍ਰੈਲ (ਪੋਸਟ ਬਿਊਰੋ)- ਭੋਲਾ ਡਰੱਗ ਕੇਸ ਵਿੱਚ ਇਨਫੋਰਸਮੈਂਟ ਡਿਪਾਰਟਮੈਂਟ (ਈ ਡੀ) ਵੱਲੋਂ ਮਨੀ ਲਾਂਡਰਿੰਗ ਦੇ ਦੋਸ਼ 'ਚ ਨਾਮਜ਼ਦ ਕੀਤੇ ਗੁਰਜੀਤ ਗਾਬਾ ਅਤੇ ਦਵਿੰਦਰ ਸਿੰਘ ਹੈਪੀ ਦੇ ਮਾਮਲੇ 'ਚ ਕੱਲ੍ਹ ਸੀ ਬੀ ਆਈ ਦੇ ਵਿਸ਼ੇਸ਼ ਜੱਜ ਐਨ ਐਸ ਗਿੱਲ ਨੇ ਸਰਕਾਰੀ ਧਿਰ ਤੇ ਬਚਾਅ ਪੱਖ ਦੀਆਂ ਦਲੀਲਾਂ ਸੁਣਨ ਪਿੱਛੋਂ ਗੁਰਜੀਤ ਗਾਬਾ ਅਤੇ ਦਵਿੰਦਰ ਸਿੰਘ ਹੈਪੀ ਦੀ ਜ਼ਮਾਨਤ ਦੀ ਅਰਜ਼ੀ ਮਨਜ਼ੂਰ ਕਰ ਲਈ ਹੈ। ਦੋਵਾਂ ਜਣਿਆਂ ਵੱਲੋਂ ਆਪਣੇ ਵਕੀਲ ਹਰੀਸ਼ ਆਹੂਜਾ ਵੱਲੋਂ ਅਦਾਲਤ 'ਚ ਪੰਜ-ਪੰਜ ਲੱਖ ਦੇ ਜ਼ਮਾਨਤੀ ਮੁਚੱਲਕੇ ਭਰੇ ਗਏ ਹਨ।



ਗੁਰਜੀਤ ਗਾਬਾ ਅਤੇ ਦਵਿੰਦਰ ਸਿੰਘ ਹੈਪੀ ਦੇ ਖਿਲਾਫ ਪੁਲਸ ਵੱਲੋਂ ਦਰਜ ਕੀਤੇ ਨਸ਼ਾ ਤਸਕਰੀ ਮਾਮਲੇ 'ਚ ਇਸੇ ਅਦਾਲਤ ਵੱਲੋਂ ਸਜ਼ਾ ਸੁਣਾਈ ਗਈ ਸੀ ਅਤੇ ਉਕਤ ਸਜ਼ਾ ਖਿਲਾਫ ਹਾਈ ਕੋਰਟ ਵੱਲੋਂ ਉਕਤ ਦੋਵਾਂ ਨਾਮਜ਼ਦ ਦੋਸ਼ੀਆਂ ਨੂੰ 28 ਫਰਵਰੀ ਨੂੰ ਜ਼ਮਾਨਤ ਮਿਲ ਚੁੱਕੀ ਹੈ। ਇਸ ਤੋਂ ਪਹਿਲਾਂ ਈ ਡੀ ਮਾਮਲੇ 'ਚ ਪਰਮਜੀਤ ਚਾਹਲ, ਬਿੱਟੂ ਔਲਖ ਸਮੇਤ ਹੋਰਨਾਂ ਦੀ ਜ਼ਮਾਨਤ ਮਨਜ਼ੂਰ ਹੋ ਚੁੱਕੀ ਹੈ।

## ਮੰਤਰੀ ਆਸ਼ੂ ਦੀ ਆਡੀਓ ਲੀਕ ਕਰਨ ਵਾਲੇ ਅਫਸਰ ਦਾ ਤਬਾਦਲਾ

ਲੁਧਿਆਣਾ, 10 ਅਪ੍ਰੈਲ (ਪੋਸਟ ਬਿਊਰੋ)- ਫੂਡ ਸਪਲਾਈ ਮੰਤਰੀ ਭਾਰਤ ਭੂਸ਼ਣ ਆਸ਼ੂ ਨਾਲ ਤੂ-ਤੂ, ਮੈਂ ਮੈਂ ਦੀ ਆਡੀਓ ਵਾਇਰਲ ਹੋਣ ਤੋਂ ਬਾਅਦ ਚਰਚਾ ਵਿੱਚ ਆਏ ਹੋਏ ਲੁਧਿਆਣਾ ਨਗਰ ਸੁਧਾਰ ਟਰੱਸਟ ਦੇ ਐੱਸ ਈ ਰਾਕੇਸ਼ ਗਰਗ ਦੀ ਅੰਮ੍ਰਿਤਸਰ ਵਿੱਚ ਬਦਲੀ ਕਰ ਦਿੱਤੀ ਗਈ ਹੈ।

ਵਰਨਣ ਯੋਗ ਹੈ ਕਿ ਫਲੈਟਾਂ ਦੀ ਉਸਾਰੀ ਵਿੱਚ ਨਿਯਮਾਂ ਦੀ ਉਲੰਘਣਾ ਹੋਣ ਬਾਰੇ ਲੋਕਲ ਬਾਡੀਜ਼ ਮੰਤਰੀ ਨਵਜੋਤ ਸਿੰਘ ਸਿੱਧੂ ਦੇ ਆਰਡਰ ਬਾਰੇ ਜਾਂਚ ਕਰ ਰਹੇ ਡੀ ਐੱਸ ਪੀ ਨੂੰ ਆਸ਼ੂ ਵੱਲੋਂ ਧਮਕਾਉਣ ਦੇ ਦੋਸ਼ ਵਿੱਚ ਵਾਇਰਲ ਕੀਤੀ ਗਈ ਵੀਡੀਓ ਦੇ ਹਿੱਸੇ ਵਿੱਚ ਉਕਤ ਐੱਸ ਈ ਦੀ ਆਵਾਜ਼ ਸੁਣਾਈ ਦੇ ਰਹੀ ਹੈ, ਜਿਸ ਦੌਰਾਨ ਮੰਤਰੀ ਭਾਰਤ ਭੂਸ਼ਣ ਆਸ਼ੂ ਉਸ ਐੱਸ ਈ ਨੂੰ ਆਪਣੇ ਹਲਕੇ ਦੇ ਕੰਮ ਵਿੱਚ ਦਖਲ ਨਾ ਦੇਣ ਦੀ ਗੱਲ ਕਹਿ ਰਹੇ ਹਨ। ਇਹ ਝਗੜਾ ਕਾਫੀ ਦੇਰ ਤੱਕ ਪੰਜਾਬ ਵਿੱਚ ਸਿਆਸੀ ਮੁੱਦਾ ਬਣਿਆ ਰਿਹਾ ਅਤੇ ਆਸ਼ੂ ਦੇ ਖਿਲਾਫ ਕਾਰਵਾਈ ਕਰਨ ਦੀ ਮੰਗ ਲਈ ਵਿਧਾਨ ਸਭਾ ਵਿੱਚ ਹੰਗਾਮਾ ਕਰਨ ਪਿੱਛੋਂ ਆਮ ਆਦਮੀ ਪਾਰਟੀ, ਪੰਜਾਬ ਏਕਤਾ ਪਾਰਟੀ ਅਤੇ ਅਕਾਲੀ ਦਲ ਵੱਲੋਂ ਸੜਕਾਂ ਤੱਕ ਵਿਰੋਧ ਕੀਤਾ ਜਾ ਚੁੱਕਾ ਹੈ। ਇਸੇ ਦੌਰਾਨ ਸਰਕਾਰ ਨੇ ਗਰਗ ਦੀ ਅੰਮ੍ਰਿਤਸਰ ਵਿੱਚ ਬਦਲੀ ਕਰ ਦਿੱਤੀ ਹੈ, ਜਿੱਥੋਂ ਰਾਜੀਵ ਸੇਖੜੀ ਨੂੰ ਪਟਿਆਲਾ ਭੇਜ ਦਿੱਤਾ ਗਿਆ ਹੈ, ਪਰ ਲੁਧਿਆਣਾ ਨਗਰ ਸੁਧਾਰ ਟਰੱਸਟ ਵਿੱਚ ਕਿਸੇ ਅਫਸਰ ਦੀ ਪੋਸਟਿੰਗ ਕਰਨ ਦਾ ਜ਼ਿਕਰ ਲੋਕਲ ਬਾਡੀਜ਼ ਵਿਭਾਗ ਵੱਲੋਂ ਜਾਰੀ ਆਰਡਰ 'ਚ ਨਹੀਂ ਕੀਤਾ ਗਿਆ।

We Provide services:
- Corporation Registration
- Corporation Tax Returns
- Personal Tax Retrurns
- Accounting • Book - Keeping
- H.S.T • WSIB • T4 • E-File
- Assistance in Audit with CRA

CPA CHARTERED PROFESSIONAL ACCOUNTANTS

Kamaljeet Singh Saini CPA, CGA
Chartered Professional Accountants

Off: 905-799-6292
Email: kamalgirn@gmail.com

7956 Torbram Rd, Unit #209, Brampton, ON L6T 5A2 Fax: 905-291-0741




A/Z Drivers Needed/ਡਰਾਈਵਰਾਂ ਦੀ ਲੋੜ

- Team Drivers Needed Immediately
- Dedicated AutoPart Runs To Texas, Missouri, Kansas
- Permanent Schedule for whole year
- Always Go to same Shippers No Waiting at All
- Highest Pay Rate Package Plus HST
- New Model Volvo Trucks
- Paid Every Week On Friday
- 20,000 to 24,00 Miles in a Month
- Always Home At Weekends
- Can Work From Brampton, Woodstock or London

- Autoparts ਦੇ ਡੇਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਊ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week

"ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ"

New Drivers Are Also Welcome, We Give Paid Training With Full Time Job
For Further Information Contact: 6476253344



www.AREA REALTOR.com

Multi Award Winner Realtor

CENTURY 21 PRESIDENT

KAMAL SANDHU
Sales Representative
647.891.0143
905.488.2100 ext. 407





## ਅਯੁੱਧਿਆ ਮਾਮਲੇ ਵਿਚ ਨਿਰਮੋਹੀ ਅਖਾੜਾ ਮੂਲ ਮਾਲਕਾਂ ਨੂੰ ਜ਼ਮੀਨ ਮੋੜੇ ਜਾਣ ਦੀ ਅਰਜ਼ੀ ਵਿਰੁੱਧ ਸੁਪਰੀਮ ਕੋਰਟ ਪੁੱਜਾ

ਨਵੀਂ ਦਿੱਲੀ, 10 ਅਪ੍ਰੈਲ (ਪੋਸਟ ਬਿਊਰੋ)- ਅਯੁੱਧਿਆ ਕੇਸ ਵਿੱਚ ਨਿਰਮੋਹੀ ਅਖਾੜੇ ਨੇ ਸੁਪਰੀਮ ਕੋਰਟ ਵਿੱਚ ਪਟੀਸ਼ਨ ਦਾਖਲ ਕਰ ਕੇ ਰਾਮ ਜਨਮ ਭੂਮੀ ਬਾਬਰੀ ਮਸਜਿਦ ਵਿਵਾਦਤ ਥਾਂ ਨੇੜੇ 67.390 ਏਕੜ ਗੈਰ ਵਿਵਾਦਤ ਖਰੀਦੀ ਜ਼ਮੀਨ ਉਸ ਦੇ ਅਸਲ ਮਾਲਕਾਂ ਨੂੰ ਮੋੜਨ ਲਈ ਕੇਂਦਰ ਸਰਕਾਰ ਦੀ ਅਰਜ਼ੀ ਦਾ ਵਿਰੋਧ ਕੀਤਾ ਹੈ।



ਵਰਣਨ ਯੋਗ ਹੈ ਕਿ ਇਲਾਹਾਬਾਦ ਹਾਈ ਕੋਰਟ ਨੇ 2010 ਵਿੱਚ ਫੈਸਲਾ ਦਿੱਤਾ ਸੀ ਕਿ ਉਕਤ ਥਾਂ ਉੱਤੇ 2.77 ਏਕੜ ਵਿਵਾਦਤ ਜ਼ਮੀਨ ਤਿੰਨ ਬਰਾਬਰ ਹਿੱਸਿਆਂ ਵਿੱਚ ਵੰਡੀ ਜਾਵੇਗੀ ਅਤੇ ਉਸ ਨੂੰ ਨਿਰਮੋਹੀ ਅਖਾੜਾ, ਸੁੰਨੀ ਵਕਫ ਬੋਰਡ ਅਤੇ ਰਾਮਲੱਲਾ ਨੂੰ ਵੰਡ ਦਿੱਤਾ ਜਾਵੇਗਾ। ਨਿਰਮੋਹੀ ਅਖਾੜੇ ਨੇ ਆਪਣੀ ਨਵੀਂ ਅਰਜ਼ੀ ਵਿੱਚ ਕੇਂਦਰ ਸਰਕਾਰ ਦੀ ਉਸ ਅਰਜ਼ੀ ਦਾ ਵਿਰੋਧ ਕੀਤਾ ਹੈ, ਜਿਸ ਵਿੱਚ ਉਸ ਨੇ ਸੁਪਰੀਮ ਕੋਰਟ ਦੇ 2003 ਵਾਲੇ ਫੈਸਲੇ ਵਿੱਚ ਸੋਧ ਦੀ ਬੇਨਤੀ ਕੀਤੀ ਹੈ ਤਾਂ ਕਿ ਅਯੁੱਧਿਆ ਵਿੱਚ ਵਿਵਾਦਤ ਥਾਂ ਨੇੜੇ 67 ਏਕੜ ਜ਼ਮੀਨ ਮੂਲ ਮਾਲਕਾਂ ਨੂੰ ਵਾਪਸ ਦਿੱਤੀ ਜਾ ਸਕੇ। ਇਸ ਅਰਜ਼ੀ ਵਿੱਚ ਕਿਹਾ ਗਿਆ ਹੈ ਕਿ ਕੇਂਦਰ ਸਰਕਾਰ ਨੇ ਰਾਮ ਜਨਮ ਭੂਮੀ ਨਿਆਸ ਨੂੰ ਜ਼ਮੀਨ ਮੋੜਨ ਦੀ ਤਜਵੀਜ਼ ਰੱਖੀ ਹੈ, ਪਰ ਐਕਵਾਇਰ ਕੀਤੀ ਜ਼ਮੀਨ ਉੱਤੇ ਕਈ ਮੰਦਰ ਹਨ ਅਤੇ ਜੇ ਇਹ ਜ਼ਮੀਨ ਕਿਸੇ ਇੱਕ ਧਿਰ ਨੂੰ ਮੋੜੀ ਜਾਂਦੀ ਹੈ ਤਾਂ ਅਧਿਕਾਰ ਪ੍ਰਭਾਵਤ ਹੋਣਗੇ। ਸੁਪਰੀਮ ਕੋਰਟ ਨੇ ਹਾਲ ਹੀ ਵਿੱਚ ਇਸ ਜ਼ਮੀਨੀ ਵਿਵਾਦ ਦਾ ਦੋਸਤਾਨਾ ਹੱਲ ਕੱਢਣ ਲਈ ਵਿਚੋਲਿਆਂ ਨੂੰ ਨਿਯੁਕਤ ਕੀਤਾ ਹੈ, ਜਿਨ੍ਹਾਂ ਦੀ ਰਿਪੋਰਟ ਆਉਣੀ ਬਾਕੀ ਹੈ।

## 15 ਲੱਖ ਰੁਪਏ ਵਾਲਾ ਵਾਅਦਾ ਕਦੇ ਕੀਤਾ ਹੀ ਨਹੀਂ: ਰਾਜਨਾਥ

ਨਵੀਂ ਦਿੱਲੀ, 10 ਅਪ੍ਰੈਲ (ਪੋਸਟ ਬਿਊਰੋ)- ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਇਹ ਨਵਾਂ ਦਾਅਵਾ ਕੀਤਾ ਹੈ ਕਿ ਭਾਰਤੀ ਜਨਤਾ ਪਾਰਟੀ ਨੇ ਕਦੇ ਵੀ ਇਹ ਨਹੀਂ ਕਿਹਾ ਸੀ ਕਿ ਲੋਕਾਂ ਦੇ ਖਾਤੇ ਵਿੱਚ 15-15 ਲੱਖ ਰੁਪਏ ਟਰਾਂਸਫਰ ਕੀਤੇ ਜਾਣਗੇ। ਉਨ੍ਹਾਂ ਨੇ ਕਿਹਾ ਕਿ ਭਾਜਪਾ ਨੇ ਕਦੇ ਵੀ ਅਜਿਹਾ ਵਾਅਦਾ ਨਹੀਂ ਕੀਤਾ ਜਿਸ 'ਚ 15 ਲੱਖ ਰੁਪਏ ਲੋਕਾਂ ਦੇ ਬੈਂਕ ਅਕਾਊਂਟ 'ਚ ਟਰਾਂਸਫਰ ਕਰਨ ਦੀ ਗੱਲ ਕਹੀ ਗਈ ਹੋਵੇ।



ਇਕ ਇੰਟਰਵਿਊ ਵਿੱਚ ਗ੍ਰਹਿ ਮੰਤਰੀ ਨੇ ਕਿਹਾ ਕਿ ਅਸੀਂ ਕਾਲੇ ਧਨ ਦੇ ਖਿਲਾਫ ਕਾਰਵਾਈ ਕੀਤੀ ਹੈ ਅਤੇ ਇਹ ਸਾਡੀ ਸਰਕਾਰ ਸੀ, ਜਿਸ ਨੇ ਬਲੈਕ ਮਨੀ ਦੇ ਖਿਲਾਫ ਵਿਸ਼ੇਸ਼ ਜਾਂਚ ਟੀਮ (ਐਸ ਆਈ ਟੀ) ਬਣਾਈ ਹੈ। ਗ੍ਰਹਿ ਮੰਤਰੀ ਦਾ ਬਿਆਨ ਓਦੋਂ ਆਇਆ ਹੈ ਜਦੋਂ ਵਿਰੋਧੀ ਪਾਰਟੀਆਂ ਭਾਜਪਾ ਨੂੰ 15 ਲੱਖ ਰੁਪਏ ਦੇ ਵਾਅਦੇ 'ਤੇ ਘੇਰ ਰਹੀਆਂ ਹਨ। ਵਰਣਨ ਯੋਗ ਹੈ ਕਿ ਸਾਲ 2014 ਦੀਆਂ ਲੋਕ ਸਭਾ ਚੋਣਾਂ ਵਿੱਚ ਕਾਲੇ ਧਨ ਦੇ ਖਿਲਾਫ ਕਾਰਵਾਈ ਮੁੱਖ ਚੋਣ ਮੁੱਦਿਆਂ 'ਚੋਂ ਇਕ ਸੀ। ਇਸ ਸਾਲ ਭਾਜਪਾ ਦੇ ਸੰਕਲਪ ਪੱਤਰ ਵਿੱਚ ਵੀ ਸਮਾਂਤਰ ਅਰਥਚਾਰੇ ਖਿਲਾਫ ਕਾਰਵਾਈ ਦੀ ਗੱਲ ਦਰਜ ਹੈ।

ਇਸ ਮੌਕੇ ਰਾਜਨਾਥ ਸਿੰਘ ਨੇ ਕਿਹਾ ਕਿ ਸਿਆਸੀ ਪਾਰਟੀਆਂ ਦੇ ਖਿਲਾਫ ਜਾਰੀ ਛਾਪੇ ਕਿਸੇ ਵੀ ਮਾੜੀ ਭਾਵਨਾ ਤੋਂ ਪ੍ਰੇਰਿਤ ਨਹੀਂ ਹਨ। ਉਨ੍ਹਾਂ ਕਿਹਾ ਕਿ ਸਿਆਸਤਦਾਨਾਂ ਦੇ ਘਰ ਪੈ ਰਹੇ ਇਨਫੋਰਸਮੈਂਟ ਡਾਇਰੈਕਟੋਰੇਟ ਜਾਂ ਆਮਦਨ ਟੈਕਸ ਵਿਭਾਗ ਦੇ ਛਾਪੇ ਕਿਸੇ ਸਿਆਸੀ ਮੰਦਭਾਵਨਾ ਕਾਰਨ ਨਹੀਂ ਪਏ। ਜਿਹੜੀਆਂ ਜਾਂਚ ਏਜੰਸੀਆਂ ਛਾਪੇ ਮਾਰ ਰਹੀਆਂ ਹਨ, ਉਹ ਖੁਦਮੁਖਤਿਆਰ ਸੰਸਥਾਵਾਂ ਹਨ। ਚੋਣ ਜ਼ਾਬਤਾ ਉਨ੍ਹਾਂ ਉਤੇ ਲਾਗੂ ਨਹੀਂ ਹੁੰਦਾ। ਉਹ ਆਪਣੇ ਇਨਪੁਟ 'ਤੇ ਕਾਰਵਾਈ ਕਰ ਰਹੀਆਂ ਹਨ। ਭਾਜਪਾ ਨੇਤਾ ਨੇ ਕਿਹਾ ਕਿ ਇਹ ਬਿਲਕੁਲ ਗਲਤ ਹੈ ਕਿ ਛਾਪੇ ਲਈ ਸਰਕਾਰ ਨੂੰ ਜ਼ਿੰਮੇਵਾਰ ਕਿਹਾ ਜਾ ਰਿਹਾ ਹੈ। ਇਹ ਇਕ ਲਗਾਤਾਰ ਚੱਲਣ ਵਾਲੀ ਪ੍ਰਕਿਰਿਆ ਹੈ।

## ਹਸਪਤਾਲ ਵਿੱਚ ਫਾਇਰਿੰਗ ਨਾਲ ਸੰਘ ਨੇਤਾ ਤੇ ਗੰਨਮੈਨ ਦੀ ਹੱਤਿਆ

ਕਿਸ਼ਤਵਾੜ, 10 ਅਪ੍ਰੈਲ (ਪੋਸਟ ਬਿਊਰੋ)- ਪੰਜ ਮਹੀਨਿਆਂ ਬਾਅਦ ਕਿਸ਼ਤਵਾੜ ਵਿੱਚ ਅੱਤਵਾਦੀਆਂ ਨੇ ਇਕ ਵਾਰ ਫਿਰ ਸੰਘ ਨੇਤਾ ਨੂੰ ਨਿਸ਼ਾਨਾ ਬਣਾਇਆ ਹੈ। ਕੱਲ੍ਹ ਦੁਪਹਿਰ ਜ਼ਿਲਾ ਹਸਪਤਾਲ ਵਿੱਚ ਅੰਨ੍ਹੇਵਾਹ ਫਾਇਰਿੰਗ ਨਾਲ ਆਰ ਐਸ ਐਸ ਦੇ ਸੇਵਾ ਪ੍ਰਮੁੱਖ ਚੰਦਰਕਾਂਤ ਸ਼ਰਮਾ ਅਤੇ ਉਨ੍ਹਾਂ ਦੇ ਪੀ ਐਸ ਓ ਰਾਜਿੰਦਰ ਦੀ ਹੱਤਿਆ ਕਰ ਦਿੱਤੀ ਗਈ। ਅੱਤਵਾਦੀ ਉਸ ਪੀ ਐਸ ਓ ਦਾ ਹਥਿਆਰ ਵੀ ਲੈ ਗਏ। ਘਟਨਾ ਦੇ ਬਾਅਦ ਪੂਰੇ ਕਿਸ਼ਤਵਾੜ ਵਿੱਚ ਤਣਾਅ ਪੈਦਾ ਹੋ ਗਿਆ। ਕਾਨੂੰਨ ਵਿਵਸਥਾ ਦੀ ਸਥਿਤੀ ਦੇਖਦੇ ਹੋਏ ਕਿਸ਼ਤਵਾੜ ਤੇ ਭਦਰਵਾਹ ਵਿੱਚ ਕਰਫਿਊ ਲਾ ਦਿੱਤਾ ਗਿਆ ਤੇ ਮੋਬਾਈਲ ਇੰਟਰਨੈਟ ਸੇਵਾ ਠੱਪ ਕਰ ਕੇ ਫੌਜ ਨੂੰ ਵੀ ਬੁਲਾ ਲਿਆ ਗਿਆ ਹੈ।



ਇਸ ਤੋਂ ਪਹਿਲਾਂ ਇਕ ਨਵੰਬਰ 2018 ਨੂੰ ਅੱਤਵਾਦੀਆਂ ਨੇ ਅਨਿਲ ਪਰਿਹਾਰ ਅਤੇ ਉਨ੍ਹਾਂ ਦੇ ਭਰਾ ਅਜੀਤ ਪਰਿਹਾਰ ਦੀ ਦੁਕਾਨ ਤੋਂ ਘਰ ਮੁੜਦੇ ਸਮੇਂ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ। ਆਰ ਐਸ ਐਸ ਨੇਤਾ ਚੰਦਰਕਾਂਤ ਜ਼ਿਲਾ ਹਸਪਤਾਲ ਵਿੱਚ ਸੀਨੀਅਰ ਫਾਰਮਾਸਿਸਟ ਸਨ। ਦੁਪਹਿਰ ਵਿੱਚ ਉਹ ਓ ਪੀ ਡੀ ਵਿੱਚ ਸੀ। ਓਥੋਂ ਆਉਂਦੇ ਹੀ ਅੱਤਵਾਦੀਆਂ ਨੇ ਏ ਕੇ 47 ਰਾਈਫਲ ਨਾਲ ਉਨ੍ਹਾਂ ਨੇ ਅੰਨ੍ਹੇਵਾਹ ਫਾਇਰਿੰਗ ਕਰ ਦਿੱਤੀ। ਫਾਇਰਿੰਗ ਵਿੱਚ ਉਨ੍ਹਾਂ ਦਾ ਪੀ ਐਸ ਓ ਰਾਜਿੰਦਰ ਮੌਕੇ 'ਤੇ ਮਾਰਿਆ ਗਿਆ, ਜਦ ਕਿ ਗੰਭੀਰ ਜ਼ਖਮੀ ਚੰਦਰਕਾਂਤ ਨੂੰ ਪਹਿਲਾਂ ਐਮਰਜੈਂਸੀ ਲਿਜਾਇਆ ਗਿਆ। ਇਥੇ ਹਾਲਤ ਨਾਜ਼ੁਕ ਹੋਣ 'ਤੇ ਜੰਮੂ ਰੈਫਰ ਕਰ ਦਿੱਤਾ ਗਿਆ, ਪਰ ਉਨ੍ਹਾਂ ਨੇ ਦਮ ਤੋੜ ਦਿੱਤਾ।

## ਵਿਦਿਅਕ ਅਦਾਰਿਆਂ ਨੂੰ ਪਹਿਲਾਂ ਦੱਸਣੀਆਂ ਪੈਣਗੀਆਂ ਰਾਖਵੀਆਂ ਸੀਟਾਂ

ਨਵੀਂ ਦਿੱਲੀ, 10 ਅਪ੍ਰੈਲ (ਪੋਸਟ ਬਿਊਰੋ)- ਯੂਨੀਵਰਸਿਟੀਆਂ ਨੂੰ ਦਾਖਲੇ ਦੌਰਾਨ ਹਰ ਕੋਰਸ ਤੇ ਵਿਸ਼ੇ ਦੀਆਂ ਰਾਖਵੀਆਂ ਸੀਟਾਂ ਦਾ ਵੇਰਵਾ ਦੇਣਾ ਪਵੇਗਾ। ਇਸ ਦਾ ਪੈਮਾਨਾ ਸਮਾਜ ਦੇ ਵੱਖ-ਵੱਖ ਵਰਗਾਂ ਨੂੰ ਦਿੱਤੇ ਰਾਖਵੇਂਕਰਨ ਦੇ ਹਿਸਾਬ ਨਾਲ ਹੀ ਹੋਵੇਗਾ। ਯੂਨੀਵਰਸਿਟੀ ਗਰਾਂਟਸ ਕਮਿਸ਼ਨ (ਯੂ ਜੀ ਸੀ) ਨੇ ਫਿਲਹਾਲ ਸਾਰੀਆਂ ਕੇਂਦਰੀ ਯੂਨੀਵਰਸਿਟੀਆਂ ਤੇ ਉਚ ਵਿੱਦਿਅਕ ਅਦਾਰਿਆਂ ਨੂੰ ਇਸ 'ਤੇ ਅਮਲ ਦੇ ਨਿਰਦੇਸ਼ ਦਿੱਤੇ ਹਨ।

ਇਸ ਦੇ ਨਾਲ ਹੀ ਯੂ ਜੀ ਸੀ ਨੇ ਕਿਹਾ ਹੈ ਕਿ ਅਦਾਰੇ 'ਚ ਦਾਖਲੇ ਲਈ ਮੌਜੂਦ ਕੁੱਲ ਸੀਟਾਂ 'ਚੋਂ ਅਜਿਹੀਆਂ ਸੀਟਾਂ ਦੀ ਨਿਸ਼ਾਨਦੇਹੀ ਕਰਨ ਦੇ ਨਾਲ ਇਨ੍ਹਾਂ ਨੂੰ ਪ੍ਰਦਰਸ਼ਿਤ ਵੀ ਕੀਤਾ ਜਾਵੇ। ਯੂ ਜੀ ਸੀ ਨੇ ਇਹ ਨਿਰਦੇਸ਼ ਅਜਿਹੇ ਸਮੇਂ ਦਿੱਤੇ ਹਨ, ਜਦੋਂ ਸਾਧਾਰਨ ਵਰਗ ਦੇ ਆਰਥਿਕ ਰੂਪ ਨਾਲ ਕਮਜ਼ੋਰ ਲੋਕਾਂ ਨੂੰ ਵੀ 10 ਫੀਸਦੀ ਰਾਖਵਾਂਕਰਨ ਦਿੱਤਾ ਗਿਆ ਹੈ। ਕੇਂਦਰੀ ਯੂਨੀਵਰਸਿਟੀਆਂ ਤੇ ਉਚ ਵਿੱਦਿਅਕ ਅਦਾਰਿਆਂ ਦੇ ਦਾਖਲੇ ਵਿੱਚ ਇਸ ਰਿਜ਼ਰਵੇਸ਼ਨ 'ਤੇ ਪਹਿਲੀ ਵਾਰ ਅਮਲ ਹੋਵੇਗਾ। ਫਿਲਹਾਲ ਐਸ ਸੀ ਨੂੰ 15 ਫੀਸਦੀ, ਐਸ ਟੀ ਨੂੰ 7.5 ਫੀਸਦੀ ਅਤੇ ਓ ਬੀ ਸੀ ਨੂੰ 27 ਫੀਸਦੀ ਰਾਖਵਾਂਕਰਨ ਦਿੱਤਾ ਜਾਂਦਾ ਹੈ। ਅੱਗੋਂ ਇਸ ਵਿੱਚ ਸਾਧਾਰਨ ਵਰਗ ਦੇ ਆਰਥਿਕ ਰੂਪ ਨਾਲ ਪੱਛੜਿਆਂ ਨੂੰ ਦਿੱਤਾ ਗਿਆ 10 ਫੀਸਦੀ ਰਾਖਵਾਂਕਰਨ ਵੀ ਜੁੜ ਜਾਵੇਗਾ ਅਤੇ ਹਰ ਕੋਰਸ ਵਿੱਚ ਰਾਖਵੀਆਂ ਸੀਟਾਂ ਦੀ ਗਿਣਤੀ ਸਾਹ-ਮਣੇ ਲਿਆਉਣ ਪਿੱਛੇ ਸਰਕਾਰ ਦਾ ਮਕਸਦ ਹੈ ਕਿ ਉਹ ਦਿਖਾਉਣਾ ਚਾਹੁੰਦਦੀ ਹੈ ਕਿ ਸਾਧਾਰਨ ਵਰਗ ਦੇ ਆਰਥਿਕ ਪੱਖੋਂ ਪੱਛੜੇ ਲੋਕਾਂ ਨੂੰ 10 ਫੀਸਦੀ ਰਾਖਵਾਂਕਰਨ ਦੇਣ ਦੇ ਬਾਅਦ ਪਹਿਲਾਂ ਤੋਂ ਰਾਖਵੇਂ ਵਰਗ ਨੂੰ ਮਿਲੀਆਂ ਸੀਟਾਂ ਦੀ ਗਿਣਤੀ 'ਚ ਕੋਈ ਕਮੀ ਨਹੀਂ ਹੋਈ।

## ਜੇ ਕੇ ਐੱਲ ਐੱਫ ਦਾ ਮੁਖੀ ਯਾਸੀਨ ਮਲਿਕ ਐੱਨ ਆਈ ਏ ਵਲੋਂ ਗ੍ਰਿਫ਼ਤਾਰ

ਨਵੀਂ ਦਿੱਲੀ, 10 ਅਪ੍ਰੈਲ (ਪੋਸਟ ਬਿਊਰੋ)- ਰਾਸ਼ਟਰੀ ਜਾਂਚ ਏਜੰਸੀ (ਐੱਨ ਆਈ ਏ) ਨੇ ਜੰਮੂ ਅਤੇ ਕਸ਼ਮੀਰ ਵਿੱਚ ਅੱਤਵਾਦੀ ਤੇ ਵੱਖਵਾਦੀ ਗਰੁੱਪਾਂ ਨੂੰ ਧਨ ਭੇਜਣ ਦੇ ਦੋਸ਼ ਵਿੱਚ ਜੇ ਕੇ ਐੱਲ ਐੱਫ ਦੇ ਮੁਖੀ ਯਾਸੀਨ ਮਲਿਕ ਨੂੰ ਗ੍ਰਿਫ਼ਤਾਰ ਕੀਤਾ ਤੇ ਅਦਾਲਤ ਨੇ ਉਸ ਨੂੰ 22 ਅਪ੍ਰੈਲ ਤਕ ਐੱਨ ਆਈ ਏ ਦੀ ਹਿਰਾਸਤ ਵਿਚ ਸੌਂਪ ਦਿੱਤਾ।

ਅਧਿਕਾਰੀਆਂ ਨੇ ਦੱਸਿਆ ਕਿ ਜੰਮੂ ਵਿੱਚ ਐੱਨ ਆਈ ਏ ਦੀ ਵਿਸ਼ੇਸ਼ ਅਦਾਲਤ ਨੇ ਕੱਲ੍ਹ ਜਾਂਚ ਏਜੰਸੀ ਨੂੰ ਯਾਸੀਨ ਮਲਿਕ ਹਿਰਾਸਤ ਵਿਚ ਲੈ ਕੇ ਪੁੱਛਗਿੱਛ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਸੀ। ਇਸ ਤੋਂ ਬਾਅਦ ਮਲਿਕ ਨੂੰ ਮੰਗਲਵਾਰ ਦੀ ਸ਼ਾਮ ਦਿੱਲੀ ਲਿਆਂਦਾ ਗਿਆ ਸੀ। ਬੁੱਧਵਾਰ ਉਸ ਨੂੰ ਵਿਸ਼ੇਸ਼ ਜੱਜ ਰਾਕੇਸ਼ ਸਿਆਲ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ, ਜਿੱਥੇ ਐੱਨ ਆਈ ਏ ਨੇ ਅਦਾਲਤ ਦੇ ਕਮਰੇ ਵਿਚ ਉਸ ਨੂੰ ਗ੍ਰਿਫ਼ਤਾਰ ਕਰ ਲਿਆ। ਪੁੱਛਗਿੱਛ ਲਈ ਜਾਂਚ ਏਜੰਸੀ ਨੇ 15 ਦਿਨਾਂ ਤਕ ਹਿਰਾਸਤ ਵਿੱਚ ਰੱਖਣ ਦੀ ਮੰਗ ਕੀਤੀ ਸੀ ਅਤੇ ਪੂਰੀ ਸੁਣਵਾਈ ਕੈਮਰੇ ਵਿਚ ਰਿਕਾਰਡ ਕੀਤੀ ਗਈ।



ਜੰਮੂ-ਕਸ਼ਮੀਰ ਲਿਬਰੇਸ਼ਨ ਫਰੰਟ (ਜੇ ਕੇ ਐੱਲ ਐੱਫ) ਦੇ ਮੁਖੀ ਨੂੰ ਮੰਗਲਵਾਰ ਪੁਲਿਸ ਸੁਰੱਖਿਆ ਵਿੱਚ ਤਿਹਾੜ ਜੇਲ੍ਹ ਭੇਜ ਦਿੱਤਾ ਗਿਆ ਸੀ। ਐੱਨ ਆਈ ਏ ਦੀ ਪੁੱਛਗਿੱਛ ਵਿੱਚ ਮਲਿਕ ਨੂੰ ਆਪਣੀ ਜਥੇਬੰਦੀ ਦੇ ਫੰਡਾਂ ਨਾਲ ਸਬੰਧਿਤ ਸਵਾਲਾਂ ਦਾ ਸਾਹਮਣਾ ਕਰਨਾ ਪਵੇਗਾ। ਜੰਮੂ-ਕਸ਼ਮੀਰ ਹਾਈ ਕੋਰਟ ਨੇ ਸੀ ਬੀ ਆਈ ਦਾ ਤਿੰਨ ਦਹਾਕੇ ਪੁਰਾਣਾ ਕੇਸ ਫਿਰ ਖੋਲ੍ਹਣ ਦੀ ਪਟੀਸ਼ਨ ਰਾਖਵੀਂ ਰੱਖ ਲਈ ਹੈ। ਇਸ ਵਿੱਚ ਮਲਿਕ ਦੋਸ਼ੀ ਹੈ ਤੇ ਅਗਵਾ ਅਤੇ ਹੱਤਿਆ ਦੇ ਦੋਸ਼ਾਂ ਦਾ ਸਾਹਮਣਾ ਕਰ ਰਿਹਾ ਹੈ। ਇਸ ਦੇ ਨਾਲ ਉਹ 1989 ਵਿੱਚ ਤੱਤਕਾਲੀ ਕੇਂਦਰੀ ਗ੍ਰਹਿ ਮੰਤਰੀ ਮੁਫ਼ਤੀ ਮੁਹੰਮਦ ਸਈਦ ਦੀ ਬੇਟੀ ਰੂਬੀਆ ਸਈਦ ਦੇ ਅਗਵਾ ਅਤੇ 1990 ਦੇ ਸ਼ੁਰੂ ਵਿਚ ਭਾਰਤੀ ਹਵਾਈ ਫ਼ੌਜ ਦੇ ਚਾਰ ਜਵਾਨਾਂ ਦੀ ਹੱਤਿਆ ਦੇ ਕੇਸ ਵਿਚ ਵੀ ਸ਼ਾਮਲ ਸੀ।


jobs! jobs! jobs! jobs! jobs!

DUNDAS·JAFINE

HELP WANTED

ਕਾਮਿਆਂ ਦੀ ਲੋੜ

ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Road – See Kamal 905-458-4733
80 West Drive – See Ravinder 905-450-7200

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com


## ਸਹੁਰਿਆਂ ਤੋਂ ਦੁਖੀ ਔਰਤ ਕਿਤੇ ਵੀ ਕੇਸ ਕਰ ਸਕਦੀ ਹੈ

ਨਵੀਂ ਦਿੱਲੀ, 10 ਅਪ੍ਰੈਲ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਕੱਲ੍ਹ ਅਹਿਮ ਫੈਸਲਾ ਸੁਣਾਉਂਦੇ ਹੋਏ ਕਿਹਾ ਕਿ ਕਰੂਰ ਵਿਹਾਰ ਜਾਂ ਤਸੀਹਿਆਂ ਕਾਰਨ ਸਹੁਰਾ ਘਰ ਛੱਡ ਕੇ ਪੇਕੇ ਆਈ ਜਾਂ ਕਿਸੇ ਹੋਰ ਥਾਂ ਸ਼ਰਨ ਲੈਣ ਵਾਲੀ ਔਰਤ ਜਿਥੇ ਸ਼ਰਨ ਲੈਂਦੀ ਹੈ, ਉਥੇ ਆਈ ਪੀ ਸੀ ਦੀ ਧਾਰਾ 498 ਏ (ਤਸੀਹੇ) ਦਾ ਕੇਸ ਦਰਜ ਕਰਾ ਸਕਦੀ ਹੈ। ਉਥੋਂ ਦੀ ਅਦਾਲਤ ਨੂੰ ਉਸ ਮੁਕੱਦਮੇ ਨੂੰ ਸੁਣਨ ਦਾ ਅਧਿਕਾਰ ਹੋਵੇਗਾ। ਕੋਰਟ ਨੇ ਧਾਰਾ 498ਏ ਦੀ ਵਿਆਖਿਆ ਕਰਦੇ ਹੋਏ ਕਿਹਾ ਕਿ ਇਸ ਵਿਚ ਸਰੀਰਕ ਅਤੇ ਮਾਨਸਿਕ ਦੋਵੇਂ ਤਸੀਹੇ ਸ਼ਾਮਲ ਮੰਨੇ ਜਾਣਗੇ।

ਚੀਫ ਜਸਟਿਸ ਰੰਜਨ ਗੋਗੋਈ, ਜਸਟਿਸ ਐਲ ਨਾਗੇਸ਼ਵਰ ਰਾਓ ਅਤੇ ਜਸਟਿਸ ਸੰਜੇ ਕਿਸ਼ਨ ਕੌਲ ਦੇ ਬੈਂਚ ਨੇ ਦੋ ਜੱਜਾਂ ਦੇ ਆਪਸ ਵਿੱਚ ਵਿਰੋਧੀ ਫੈਸਲਿਆਂ ਕਾਰਨ ਤਿੰਨ ਜੱਜਾਂ ਦੇ ਬੈਂਚ ਨੂੰ ਭੇਜੇ ਗਏ ਕਾਨੂੰਨੀ ਸਵਾਲ ਦਾ ਜਵਾਬ ਦਿੰਦੇ ਹੋਏ ਇਹ ਅਹਿਮ ਵਿਵਸਥਾ ਦਿੱਤੀ ਹੈ। ਰੂਪਾਲੀ ਦੇਵੀ ਬਨਾਮ ਉਤਰ ਪ੍ਰਦੇਸ਼ ਦੇ ਇਸ ਮਾਮਲੇ 'ਚ ਕੋਰਟ ਨੇ ਧਾਰਾ 498ਏ ਦੀ ਵਿਆਖਿਆ ਕਰਦੇ ਹੋਏ ਉਸ ਵਿੱਚ ਦਿੱਤੇ ਗਏ ਜ਼ਾਲਮ ਵਿਹਾਰ ਦੀ ਸਮੀਖਿਆ ਕੀਤੀ ਤੇ ਕਿਹਾ ਕਿ ਜ਼ੁਲਮ ਸਰੀਰਕ ਅਤੇ ਮਾਨਸਿਕ ਦੋਵੇਂ ਤਰ੍ਹਾਂ ਦਾ ਹੋ ਸਕਦਾ ਹੈ। ਕੋਰਟ ਨੇ ਕਿਹਾ ਕਿ 498ਏ 'ਚ ਦਿੱਤੀ ਜ਼ੁਲਮ ਦੀ ਪਰਿਭਾਸ਼ਾ ਦੇ ਮੱਦੇਨਜ਼ਰ ਸਹੁਰੇ ਪਰਵਾਰ ਵੱਲੋਂ ਸਤਾਈ ਔਰਤ ਦੀ ਸਰੀਰਕ ਅਤੇ ਮਾਨਸਿਕ ਸਿਹਤ 'ਤੇ ਪੈਂਦੇ ਅਸਰ ਨੂੰ ਅਣਗੌਲੇ ਨਹੀਂ ਕੀਤਾ ਜਾ ਸਕਦਾ। ਪਤੀ ਜਾਂ ਰਿਸ਼ਤੇਦਾਰਾਂ ਦੇ ਜ਼ੁਲਮ ਦੇ ਕਾਰਨ ਪਤਨੀ ਦਾ ਮਾਨਸਿਕ ਤਣਾਅ ਪੇਕੇ ਆ ਕੇ ਵੀ ਰਹਿੰਦਾ ਹੈ। ਸਰੀਰਕ ਤਸੀਹੇ ਕਾਰਨ ਮਿਲੇ ਮਾਨਸਿਕ ਤਸੀਹੇ, ਬੇਇੱਜ਼ਤੀ, ਗੰਦੀਆਂ ਗੱਲਾਂ, ਲੜਾਈ ਝਗੜੇ ਦਾ ਅਸਰ ਪੇਕੇ ਆਉਣ ਤੋਂ ਬਾਅਦ ਵੀ ਔਰਤ 'ਤੇ ਬਣਿਆ ਰਹਿੰਦਾ ਹੈ, ਜਦ ਕਿ ਉਥੇ ਉਸ ਨੂੰ ਸਰੀਰਕ ਤਸੀਹੇ ਨਹੀਂ ਮਿਲਦੇ। ਇਸ ਲਈ ਇਹ ਵੱਖਰਾ ਅਪਰਾਧ ਹੈ, ਜਿਹੜਾ ਉਸ ਦੇ ਪੇਕੇ ਜਾਂ ਜਿਥੇ ਉਹ ਸ਼ਰਨ ਲੈਂਦੀ ਹੈ, ਉਥੋਂ ਤੱਕ ਜਾਰੀ ਰਹਿੰਦਾ ਹੈ। ਇਹ ਅਪਰਾਧ ਧਾਰਾ 498ਏ ਤਹਿਤ ਕਰੂਰਤਾ ਮੰਨਿਆ ਜਾਵੇਗਾ।


PLATINUM MORTGAGES
FOR ALL MORTGAGE NEEDS

QUICK MORTGAGE ARRANGEMENT
2ND MORTGAGE
- NO CREDIT CHECK
- NO APPLICATION FEE
- NO JOB INCOME VERIFICATION
- NO PROBLEM

1ST MORTGAGE Starting from 2.59 % OAC

SPECIAL RATES FOR REFINANCING
Professional & Quality Service Guaranteed





Kanwaljit S. Dhunna
Mortgage broker
416.301.1976
Email: kdhunna62@gmail.com
Lic # 11992 FSCO # M08002472

- 1st & 2nd Mortgages
- Refinancing & Renewal
- Line of Credit
- Debt Consolidation
- Self Employed
- Truck Loan
- Equipment Leasing
- Bad Credit

5 CHERRYCREST DR. #206 BRAMPTON L6P 3W4



NEED A LAWYER ??
Red Seal NOTARY
KAUR LAW OFFICE



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1


## ਰਾਏਬਰੇਲੀ ਤੋਂ ਸੋਨੀਆ ਗਾਂਧੀ ਦਾ ਮੁਕਾਬਲਾ ਸਾਬਕਾ ਕਾਂਗਰਸੀ ਨੇਤਾ ਨਾਲ ਹੋਵੇਗਾ

ਲਖਨਊ, 10 ਅਪ੍ਰੈਲ (ਪੋਸਟ ਬਿਊਰੋ)- ਕਾਂਗਰਸ ਦਾ ਗੜ੍ਹ ਮੰਨੇ ਜਾਣ ਵਾਲੇ ਬਰੇਲੀ ਵਿੱਚ ਇਸ ਵਾਰ ਮੁਕਾਬਲਾ ਯੂ ਪੀ ਏ ਗੱਠਜੋੜ ਦੀ ਪ੍ਰਧਾਨ ਸੋਨੀਆ ਗਾਂਧੀ ਅਤੇ ਕਦੇ ਕਾਂਗਰਸ ਦੇ ਕਰੀਬੀ ਰਹੇ ਦਿਨੇਸ਼ ਪ੍ਰਤਾਪ ਸਿੰਘ ਵਿਚਕਾਰ ਹੈ। ਅਸਲ ਵਿੱਚ ਦਿਨੇਸ਼ ਪ੍ਰਤਾਪ ਸਿੰਘ ਕਾਂਗਰਸ ਤੋਂ ਵਿਧਾਨ ਪ੍ਰੀਸ਼ਦ ਦੇ ਮੈਂਬਰ ਰਹਿ ਚੁੱਕੇ ਹਨ, ਪਰ ਪਿਛਲੇ ਸਾਲ ਭਾਜਪਾ ਵਿੱਚ ਚਲੇ ਗਏ ਸਨ ਅਤੇ ਇਸ ਵਾਰ ਭਾਜਪਾ ਟਿਕਟ 'ਤੇ ਸੋਨੀਆ ਗਾਂਧੀ ਲਈ ਚੁਣੌਤੀ ਪੇਸ਼ ਕਰ ਰਹੇ ਹਨ।



ਰਾਏਬਰੇਲੀ ਸੀਟ ਉਤੇ ਇਨ੍ਹਾਂ ਲੋਕ ਸਭਾ ਚੋਣਾਂ ਦੇ ਪੰਜਵੇਂ ਗੇੜ ਵਿੱਚ ਛੇ ਮਈ ਨੂੰ ਵੋਟਾਂ ਪੈਣੀਆਂ ਹਨ। ਇਹ ਸੀਟ ਰਵਾਇਤੀ ਰੂਪ ਵਿੱਚ ਕਾਂਗਰਸ ਕੋਲ ਰਹੀ ਅਤੇ 1975 ਤੋਂ 2014 ਤੱਕ ਸਿਰਫ ਤਿੰਨ ਵਾਰ ਇਥੋਂ ਗੈਰ ਕਾਂਗਰਸੀ ਆਗੂ ਨੇ ਜਿੱਤ ਦਰਜ ਕੀਤੀ ਹੈ। ਪਹਿਲੀ ਵਾਰ ਐਮਰਜੈਂਸੀ ਮਗਰੋਂ ਏਥੇ 1977 ਵਿੱਚ ਰਾਜ ਨਾਰਾਇਣ ਨੇ ਇੰਦਰਾ ਗਾਂਧੀ ਨੂੰ ਹਰਾਇਆ ਸੀ। ਫਿਰ 1996 ਅਤੇ 1998 ਦੀਆਂ ਚੋਣਾਂ ਵਿੱਚ ਇਹ ਸੀਟ ਭਾਰਤੀ ਜਨਤਾ ਪਾਰਟੀ ਦੇ ਖਾਤੇ ਵਿੱਚ ਗਈ ਸੀ। ਇਸ ਤੋਂ ਬਿਨਾਂ ਇਸ ਵਾਰ ਸੀਟ 'ਤੇ ਕਾਂਗਰਸ ਦਾ ਹੀ ਬੋਲਬਾਲਾ ਰਿਹਾ ਹੈ। ਇਸ ਲੋਕ ਸਭਾ ਸੀਟ ਤੋਂ ਗਾਂਧੀ ਪਰਵਾਰ ਦੇ ਫਿਰੋਜ਼ ਗਾਂਧੀ ਅਤੇ ਇੰਦਰਾ ਗਾਂਧੀ ਨੇ ਵੀ ਲੋਕ ਸਭਾ ਵਿੱਚ ਪਹੁੰਚ ਕੀਤੀ ਹੈ। ਸਾਲ 2004 ਤੋਂ ਇਹ ਸੀਟ ਯੂ ਪੀ ਏ ਚੇਅਰਪਰਸਨ ਅਤੇ ਕਾਂਗਰਸ ਦੀ ਸਾਬਕਾ ਚੇਅਰਪਰਸਨ ਸੋਨੀਆ ਗਾਂਧੀ ਕੋਲ ਹੈ।




Avtar Uppal
Manager

UPPAL LAW
FREE CONSULTATION !



Aman Uppal
BARRISTER, SOLICITOR

IMMIGRATION SERVICES :
- Visitor Visa ($200)
- Supervisa ($200)
- Study, Work, Visitor Extension ($125)
- Spousal Applications ($600)
- Family Sponsorship
- Permanent Residence Card Renewal ($65)
- Citizenship Applications ($70)
- All Invitation letters ($35)


OTHER PRACTICES:
- Criminal Law
- Power of Attorney ($60)
- Change of Name ($115)
- Notarization ($15)
- Travel Consent ($20)
- Affidavit ($35)
- Landlord and Tenant Matters ($250)

Prices are subject to Taxes, do not include Government fees and service by appointment only.
Offer valid until 9/30/201

Ph: 905-676-8200 Fax: 905-672-7848
351 Parkhurst Square, Brampton, ON L6T 5H5
2857 Derry Rd E, Mississauga, ON L4T 1A6

# ਸ਼ਾਹਬਾਜ਼ ਸ਼ਰੀਫ ਅਤੇ ਪੁੱਤਰ ਦੇ ਖਿਲਾਫ ਭ੍ਰਿਸ਼ਟਾਚਾਰ ਕੇਸ ਵਿੱਚ ਦੋਸ਼ ਤੈਅ

ਲਾਹੌਰ, 10 ਅਪ੍ਰੈਲ (ਪੋਸਟ ਬਿਊਰੋ)- ਇਥੋਂ ਦੀ ਜਵਾਬਦੇਹੀ ਅਦਾਲਤ ਨੇ ਪਾਕਿਸਤਾਨ ਮੁਸਲਿਮ ਲੀਗ ਨਵਾਜ਼ (ਪੀ ਐਮ ਐਲ) ਦੇ ਮੁਖੀ ਅਤੇ ਕੌਮੀ ਅਸੈਂਬਲੀ ਵਿੱਚ ਵਿਰੋਧੀ ਧਿਰ ਦੇ ਆਗੂ ਸ਼ਾਹਬਾਜ਼ ਸ਼ਰੀਫ ਦੇ ਖਿਲਾਫ ਪੰਜਾਬ ਦੇ ਮੁੱਖ ਮੰਤਰੀ ਹੋਣ ਵੇਲੇ ਅਹੁਦੇ ਦੀ ਦੁਰਵਰਤੋਂ ਦੇ ਦੋਸ਼ ਤੈਅ ਕੀਤੇ ਹਨ।



ਇਕ ਮੀਡੀਆ ਰਿਪੋਰਟ ਮੁਤਾਬਕ ਸ਼ਾਹਬਾਜ਼ ਦੇ ਬੇਟੇ ਅਤੇ ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਹਮਜ਼ਾ ਦੇ ਖਿਲਾਫ ਵੀ ਅਦਾਲਤ ਨੇ ਰਮਜਾਨ ਖੰਡ ਮਿੱਲ ਮਾਮਲੇ ਵਿੱਚ ਦੋਸ਼ ਤੈਅ ਕੀਤੇ ਹਨ। ਸ਼ਾਹਬਾਜ਼ ਅਤੇ ਹਮਜ਼ਾ ਨੇ ਆਪਣੇ 'ਤੇ ਲੱਗੇ ਦੋਸ਼ਾਂ ਨੂੰ ਬੇਬੁਨਿਆਦ ਦੱਸਿਆ ਹੈ। ਉਨ੍ਹਾਂ ਉਤੇ ਅਹੁਦੇ ਦੀ ਦੁਰਵਰਤੋਂ ਤੇ ਸਰਕਾਰੀ ਪੈਸੇ ਦੇ ਨਾਜਾਇਜ਼ ਇਸਤੇਮਾਲ ਦਾ ਦੋਸ਼ ਹੈ। ਇਹ ਮਾਮਲਾ ਮਿੱਲ ਦੇ ਨਾਲੇ ਲਈ ਸਰਕਾਰੀ ਪੈਸੇ ਦੇ ਇਸਤੇਮਾਲ ਨਾਲ ਸਬੰਧਤ ਹੈ। ਇਸ ਦੇ ਸੰਬੰਧ ਵਿੱਚ ਜਵਾਬਦੇਹੀ ਬਿਊਰੋ ਮੁਤਾਬਕ ਨਾਲੇ ਲਈ 20 ਕਰੋੜ ਰੁਪਏ ਪੰਜਾਬ ਦੇ ਮੁੱਖ ਮੰਤਰੀ ਸ਼ਾਹਬਾਜ਼ ਨੇ ਜਾਰੀ ਕੀਤੇ। ਸ਼ਾਹਬਾਜ਼ 2013 ਤੋਂ 2018 ਤੱਕ ਪੰਜਾਬ ਦੇ ਮੁੱਖ ਮੰਤਰੀ ਸਨ। ਵੱਡੇ ਭਰਾ ਨਵਾਜ਼ ਸ਼ਰੀਫ ਤੋਂ ਬਾਅਦ ਸ਼ਾਹਬਾਜ਼ ਪੀ ਐਮ ਐਲ (ਐਨ) ਦੇ ਪ੍ਰਧਾਨ ਬਣੇ ਸਨ।

# ਅਡਾਨੀ ਗਰੁੱਪ ਦੀ ਕੋਲਾ ਖਾਨ ਲਈ ਭੂ ਜਲ ਪ੍ਰਬੰਧ ਯੋਜਨਾ ਨੂੰ ਹਰੀ ਝੰਡੀ ਮਿਲੀ

ਮੈਲਬਰਨ, 10 ਅਪ੍ਰੈਲ (ਪੋਸਟ ਬਿਊਰੋ)- ਭਾਰਤ ਦੀ ਊਰਜਾ ਖੇਤਰ ਦੀ ਕੰਪਨੀ ਅਡਾਨੀ ਆਸਟਰੇਲੀਆ ਵਿੱਚ ਆਪਣੀ ਵਿਵਾਦਤ ਖਾਨ ਯੋਜਨਾ ਦੇ ਕੰਮ 'ਚ ਇੱਕ ਕਦਮ ਹੋਰ ਅੱਗੇ ਵਧ ਗਈ ਹੈ।

ਅਸਲ ਵਿੱਚ ਆਸਟਰੇਲੀਆ ਦੀ ਫੈਡਰਲ ਸਰਕਾਰ ਨੇ ਉਸ ਦੀ ਕਰੋੜਾਂ ਡਾਲਰ ਦੀ ਭੂ ਜਲ ਪ੍ਰਬੰਧ ਯੋਜਨਾ ਨੂੰ ਹਰੀ ਝੰਡੀ ਦੇ ਦਿੱਤੀ ਹੈ। ਅਡਾਨੀ ਗਰੁੱਪ ਨੇ 2010 ਵਿੱਚ ਕਵੀਨਸਲੈਂਡ 'ਚ ਗੈਲਿਲੀ ਬੇਸਿਨ ਵਿੱਚ ਕਾਰਮਾਈਕਲ ਕੋਲਾ ਖਾਨ ਅਤੇ ਉੱਤਰ 'ਚ ਐਬਟ ਪੁਆਇੰਟ ਬੰਦਰਗਾਹ ਨੂੰ ਖਰੀਦ ਕੇ ਆਸਟਰੇਲੀਆ ਵਿੱਚ ਕਦਮ ਰੱਖਿਆ ਸੀ। ਉਨ੍ਹਾਂ ਦੀ ਇਸ ਤਰ੍ਹਾਂ ਦੀ ਯੋਜਨਾ ਲੰਮੇ ਸਮੇਂ ਤੋਂ ਵਿਵਾਦਾਂ 'ਚ ਹੈ। ਇਸ ਯੋਜਨਾ ਦੇ ਸਹਾਰੇ ਉਸ ਨੂੰ 2.3 ਅਰਬ ਟਨ ਕੋਲਾ ਉਤਪਾਦਨ ਹੋਣ ਦੀ ਆਸ ਹੈ। ਵਾਤਾਵਰਣ ਵਾਦੀਆਂ ਨੇ ਇਸ ਯੋਜਨਾ ਦਾ ਵਿਰੋਧ ਕਰਦੇ ਹੋਏ ਕਿਹਾ ਸੀ ਕਿ ਇਸ ਦਾ ਜਲਵਾਯੂ ਤਬਦੀਲੀ 'ਤੇ ਅਸਰ ਪਵੇਗਾ। ਇਸ ਤੋਂ ਇਲਾਵਾ ਉਨ੍ਹਾਂ ਦਲੀਲ ਦਿੱਤੀ ਹੈ ਕਿ ਇਹ ਖਾਨ 'ਗ੍ਰੇਟ ਬੈਰੀਅਰ ਰੀਫ ਵਰਲਡ ਹੈਰੀਟੇਜ' ਇਲਾਕੇ ਨੂੰ ਵੀ ਗੰਭੀਰ ਨੁਕਸਾਨ ਪਹੁੰਚਾ ਸਕਦੀ ਹੈ। ਇਥੇ ਭਾਰੀ ਗਿਣਤੀ ਵਿੱਚ ਸਮੁੰਦਰੀ ਜੀਵ ਹਨ। ਆਸਟਰੇਲੀਆ ਦੀ ਵਾਤਾਵਰਣ ਮੰਤਰੀ ਮੇਲਿਸਾ ਪ੍ਰਾਈਸ ਨੇ ਕਿਹਾ ਕਿ ਉਨ੍ਹਾਂ ਨੇ ਅਡਾਨੀ ਗਰੁੱਪ ਦੀ ਭੂ ਜਲ ਪ੍ਰਬੰਧ ਯੋਜਨਾ ਨੂੰ ਮਨਜ਼ੂਰੀ ਦੇ ਦਿੱਤੀ ਹੈ। ਕਾਮਨਵੈੱਲਥ ਵਿਗਿਆਨੀ ਅਤੇ ਉਦਯੋਗਿਕ ਖੋਜ ਸੰਗਠਨ (ਸੀ ਐੱਸ ਆਈ ਆਰ ਓ) ਅਤੇ ਆਸਟਰੇਲੀਆ ਦੇ ਭੂ-ਵਿਗਿਆਨ ਵਿਭਾਗ ਨੇ ਪਾਇਆ ਕਿ ਇਹ ਯੋਜਨਾ ਵਿਗਿਆਨਕ ਜ਼ਰੂਰਤਾਂ ਨੂੰ ਪੂਰਾ ਕਰਦੀ ਹੈ, ਜਿਸ ਤੋਂ ਬਾਅਦ ਯੋਜਨਾ ਨੂੰ ਮਨਜ਼ੂਰੀ ਦਿੱਤੀ ਗਈ ਹੈ।



## ਕੁੜੀ ਵਾਲੇ ਇਤਰਾਜ਼ ਯੋਗ ਪੋਸਟਰ ਨਾਲ ਪਾਕਿ ਵਿੱਚ ਹੰਗਾਮਾ



ਲਾਹੌਰ, 10 ਅਪ੍ਰੈਲ (ਪੋਸਟ ਬਿਊਰੋ)- ਪਾਕਿਸਤਾਨ ਦੇ ਇੱਕ ਪੋਸਟਰ ਦਾ ਵਿਵਾਦ ਹੋ ਰਿਹਾ ਹੈ। ਮਹਿਲਾ ਅਧਿਕਾਰਾਂ ਬਾਰੇ ਕੱਢੇ ਗਏ ਇੱਕ ਮਾਰਚ ਵਿੱਚ ਪ੍ਰਦਰਸ਼ਨ ਕਰਨ ਵਾਲੀਆਂ ਔਰਤਾਂ ਇੱਕ ਪੋਸਟਰ ਨੂੰ ਲੈ ਕੇ ਸੜਕਾਂ 'ਤੇ ਉੱਤਰੀਆਂ, ਪੋਸਟਰ 'ਚ ਇੱਕ ਕੁੜੀ ਨੂੰ ਇਤਰਾਜ਼ਯੋਗ ਹਾਲਤ ਵਿੱਚ ਦਿਖਾਇਆ ਗਿਆ ਹੈ।


ਅਸਲ ਵਿੱਚ ਮਹਿਲਾ ਅਧਿਕਾਰਾਂ ਬਾਰੇ ਪਾਕਿਸਤਾਨ 'ਚ ਕੁਝ ਔਰਤਾਂ ਸੜਕਾਂ ਉਤੇ ਮਾਰਚ ਲਈ ਨਿਕਲੀਆਂ ਹਨ, ਜਿਨ੍ਹਾਂ ਦੇ ਹੱਥਾਂ 'ਚ ਇੱਕ ਪੋਸਟਰ ਸੀ, ਜਿਸ ਉੱਤੇ ਇੱਕ ਕੁੜੀ ਬੈਠੀ ਹੋਈ ਹੈ। ਪੋਸਟਰ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਿਹਾ ਹੈ। ਇਸ ਪੋਸਟਰ ਨੂੰ ਕਰਾਚੀ 'ਚ ਪੜ੍ਹਾਈ ਕਰਨ ਵਾਲੀਆਂ ਵਿਦਿਆਰਥਣਾਂ ਰੂਮਿਸਾ ਲਖਾਨੀ ਅਤੇ ਰਸ਼ੀਦਾ ਸ਼ੱਬੀਰ ਹੁਸੈਨ ਨੇ ਤਿਆਰ ਕੀਤਾ ਸੀ। ਕੁੜੀ ਦੇ ਪੋਸਟਰ 'ਤੇ ਉਰਦੂ 'ਚ ਲਿਖਿਆ ਗਿਆ ਹੈ, 'ਇਥੇ, ਮੈਂ ਬਿਲਕੁਲ ਸਹੀ ਤਰੀਕੇ ਨਾਲ ਬੈਠੀ ਹਾਂ।' ਪੋਸਟਰ ਵਾਲੀ ਕੁੜੀ ਨੇ ਧੁੱਪ ਵਾਲਾ ਚਸ਼ਮਾ ਵੀ ਲਾਇਆ ਹੋਇਆ ਹੈ। ਇਸ ਮਾਰਚ 'ਚ ਐੱਲ ਜੀ ਬੀ ਟੀ ਭਾਈਚਾਰੇ ਦੇ ਲੋਕ ਵੀ ਸ਼ਾਮਲ ਹੋਏ ਸਨ। ਔਰਤਾਂ ਨੇ ਇਸ ਮਾਰਚ ਨਾਲ ਪਾਕਿਸਤਾਨ ਦੇ ਕੱਟੜਪੰਥੀ ਗੁੱਸੇ ਵਿੱਚ ਹਨ। ਪ੍ਰਦਰਸ਼ਨ ਕਰਨ ਵਾਲੀਆਂ ਔਰਤਾਂ ਨੂੰ ਜਬਰ ਜਨਾਹ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ ਅਤੇ ਰੂੜੀਵਾਦੀ ਔਰਤਾਂ ਵੀ ਇਸ ਦੇ ਖਿਲਾਫ ਆ ਗਈਆਂ ਹਨ।

## ਮੋਬਾਈਲ ਵਿੱਚ ਚਿਹਰੇ ਦੀ ਪਛਾਣ ਦਾ ਲਾਕ ਵੀ ਸੁਰੱਖਿਅਤ ਨਹੀਂ

ਬੀਜਿੰਗ, 10 ਅਪ੍ਰੈਲ (ਪੋਸਟ ਬਿਊਰੋ)- ਮੋਬਾਈਲ 'ਤੇ ਚਿਹਰੇ ਦੀ ਪਛਾਣ ਵਾਲਾ ਲਾਕ ਵੀ ਸੁਰੱਖਿਅਤ ਨਹੀਂ। ਕੰਪਨੀਆਂ ਇਸ ਨੂੰ ਸੁਰੱਖਿਅਤ ਦੱਸਦੀਆਂ ਹਨ, ਪਰ ਇਹ ਟੈਕਨਾਲੋਜੀ ਫੂਲ ਪਰੂਫ ਨਹੀਂ। ਚੀਨ ਵਿੱਚ ਅਜਿਹਾ ਮਾਮਲਾ ਸਾਹਮਣੇ ਆਇਆ ਹੈ ਜਿਸ ਵਿੱਚ ਸੁੱਤੇ ਪਏ ਵਿਅਕਤੀ ਦੇ ਚਿਹਰੇ ਦੀ ਵਰਤੋਂ ਕਰ ਕੇ 1,800 ਡਾਲਰ (1.25 ਲੱਖ ਰੁਪਏ) ਦੀ ਚੋਰੀ ਕੀਤੀ ਗਈ ਹੈ। ਜੇਝਿਆਂਗ ਨੇ ਸ਼ਿਕਾਇਤ ਦਰਜ ਕਰਾਈ ਕਿ ਉਸ ਦੇ ਅਕਾਊਂਟ 'ਚੋਂ 1,800 ਡਾਲਰ ਗਾਇਬ ਹੋ ਗਏ। ਜਾਂਚ ਵਿੱਚ ਪਤਾ ਲੱਗਾ ਕਿ ਉਸ ਦੇ ਦੋਸਤਾਂ ਨੇ ਫੋਨ ਵਿੱਚ ਮੌਜੂਦ ਵੀ-ਚੈਟ ਐਪ ਨਾਲ ਫੇਸ਼ੀਅਲ ਰਿਕਗਨਿਸ਼ਨ ਦਾ ਇਸਤੇਮਾਲ ਕਰ ਕੇ ਇਹ ਪੈਸੇ ਟਰਾਂਸਫਰ ਕਰ ਲਏ। ਦੋਵਾਂ ਨੂੰ ਗ੍ਰਿਫਤਾਰ ਕਰ ਲਿਆ ਅਤੇ ਯੂਆਨ ਨੂੰ ਪੈਸੇ ਵੀ ਵਾਪਸ ਮਿਲ ਗਏ, ਪ੍ਰੰਤੂ ਇਸ ਪੂਰੇ ਮਾਮਲੇ ਨੇ ਫੇਸ਼ੀਅਲ ਰਿਕਗਨਿਸ਼ਨ 'ਤੇ ਸਵਾਲ ਖੜ੍ਹੇ ਕਰ ਦਿੱਤੇ ਹਨ। ਯੁਆਨ ਦੇ ਕੋਲ ਕਿਹੜੀ ਕੰਪਨੀ ਦਾ ਫੋਨ ਸੀ, ਇਸ ਦਾ ਖੁਲਾਸਾ ਨਹੀਂ ਹੋਇਆ।

# ਸ਼ਹਿਰਾਂ ਵਿੱਚ ਮੌਜੂਦ ਜਿਮ ਅਤੇ ਹਸਪਤਾਲਾਂ ਤੋਂ ਵੱਧ ਰੋਗਾਣੂ ਹਨ ਸਪੇਸ ਸਟੇਸ਼ਨ ਵਿੱਚ

ਵਾਸ਼ਿੰਗਟਨ, 10 ਅਪ੍ਰੈਲ (ਪੋਸਟ ਬਿਊਰੋ)- ਨਾਸਾ ਦੇ ਵਿਗਿਆਨਕਾਂ ਨੇ ਪਾਇਆ ਹੈ ਕਿ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ (ਆਈ ਐਸ ਐਸ) ਵਿੱਚ ਬੈਕਟੀਰੀਆ ਤੇ ਕਵਕ ਮੌਜੂਦ ਹਨ, ਜੋ ਇਥੋਂ ਦੀ ਲੈਬ ਨੂੰ ਰੋਗਾਣੂਜਨਕ ਦੱਸਦੇ ਹਨ। ਉਨ੍ਹਾਂ ਨੇ ਦੱਸਿਆ ਕਿ ਜ਼ਮੀਨੀ ਹਸਪਤਾਲਾਂ ਅਤੇ ਜਿਮ ਤੋਂ ਵੱਧ ਰੋਗਾਣੂ ਓਥੇ ਹਨ। ਇਸ ਨਾਲ ਪੁਲਾੜ ਯਾਤਰੀਆਂ ਦੀ ਸਿਹਤ ਨੂੰ ਖਤਰਾ ਰਹਿੰਦਾ ਹੈ। ਖੋਜ ਕਰਨ ਵਾਲੀ ਟੀਮ ਵਿੱਚ ਭਾਰਤੀ ਮੂਲ ਦਾ ਇਕ ਵਿਗਿਆਨਕ ਵੀ ਸ਼ਾਮਲ ਹੈ। ਅਮਰੀਕੀ ਸਪੇਸ ਏਜੰਸੀ ਨੇ ਆਪਣੇ ਇਕ ਬਿਆਨ ਵਿੱਚ ਦੱਸਿਆ, 'ਬੈਕਟੀਰੀਆ ਅਤੇ ਕਵਕਾਂ ਦੇ ਕੰਪੋਜ਼ੀਸ਼ਨ ਦੇ ਬਾਰੇ ਵਿੱਚ ਜਾਣਕਾਰੀ ਇਕੱਠੀ ਕੀਤੀ ਜਾ ਰਹੀ ਹੈ। ਇਸ ਦਾ ਪਤਾ ਲੱਗਣ ਉਤੇ ਪੁਲਾੜ ਸਟੇਸ਼ਨ ਵਿੱਚ ਸੁਰੱਖਿਆ ਦੇ ਉਪਾਅ ਵਿਕ-ਸਿਤ ਕੀਤੇ ਜਾ ਸਕਦੇ ਹਨ। ਵਿਗਿਆਨਕਾਂ ਨੇ ਆਈ ਐਸ ਐਸ ਦੇ ਅੰਦਰ ਸਤ੍ਹਾਂ 'ਤੇ ਪਾਏ ਜਾਂਦੇ ਬੈਕਟੀਰੀਆ ਤੇ ਕਵਕਾਂ ਦੀ ਇਕ ਵਿਆਪਕ ਸੂਚੀ ਬਣਾਈ ਹੈ। ਇਸ ਨਾਲ ਪੁਲਾੜ ਵਿੱਚ ਯਾਤਰਾ ਕਰਨ ਵਾਲੇ ਤੇ ਉਥੇ ਸਮਾਂ ਬਿਤਾਉਣ ਵਾਲੇ ਪੁਲਾੜ ਯਾਤਰੀਆਂ ਦੀ ਸੁਰੱਖਿਆ ਵੀ ਨਿਸ਼ਚਿਤ ਕੀਤੀ ਜਾ ਸਕਦੀ ਹੈ। ਨਾਸਾ ਦੀ ਜੈਟ ਪ੍ਰੋਪਲਸ਼ਨ ਲੈਬੋਰੇਟਰੀ (ਜੇ ਪੀ ਐਲ) ਦੇ ਵਿਗਿਆਨਕ ਕਸਤੂਰੀ ਵੇਂਕਟੇਰਸ਼ਨ ਨੇ ਦੱਸਿਆ ਕਿ ਭਵਿੱਖ ਵਿੱਚ ਲੰਬੇ ਸਮੇਂ ਤੱਕ ਚੱਲਣ ਵਾਲੇ ਮਿਸ਼ਨਾਂ ਦੇ ਮੱਦੇਨਜ਼ਰ ਸੂਖਮ ਜੀਵਾਂ ਦੇ ਪ੍ਰਕਾਰਾਂ ਦੀ ਪਛਾਣ ਕਰਨਾ ਮਹੱਤਵਪੂਰਨ ਹੈ। ਸਾਨੂੰ ਇਹ ਪਤਾ ਕਰਨਾ ਹੋਵੇਗਾ ਕਿ ਇਹ ਬੈਕਟੀਰੀਆ ਕਿੰਨੇ ਸਮੇਂ ਤੱਕ ਜਿਉਂਦੇ ਰਹਿੰਦੇ ਹਨ ਅਤੇ ਇਨ੍ਹਾਂ ਦਾ ਮਨੁੱਖ ਦੇ ਸਰੀਰ 'ਤੇ ਕੀ ਪ੍ਰਭਾਵ ਪੈਂਦਾ ਹੈ।



# ਉਲਟੇ-ਪੁਲਟੇ ਅੰਗਾਂ ਨਾਲ ਔਰਤ 99 ਸਾਲ ਜ਼ਿੰਦਾ ਰਹੀ

ਨਿਊ ਯਾਰਕ, 10 ਅਪ੍ਰੈਲ (ਪੋਸਟ ਬਿਊਰੋ)- ਅਮਰੀਕਾ ਵਿੱਚ 99 ਸਾਲ ਦੀ ਰੋਜ਼ ਮੈਰੀ ਬੈਂਟਲੀ ਦੀ ਸਿਹਤਮੰਦ ਜ਼ਿੰਦਗੀ ਗੁਜ਼ਾਰਨ ਦੇ ਬਾਅਦ ਮੌਤ ਹੋ ਗਈ। ਉਨ੍ਹਾਂ ਦੀ ਦੇਹ ਦਾਨ ਕੀਤੀ ਗਈ, ਪਰ ਦੇਹ ਦਾਨ ਪਿੱਛੋਂ ਜਦ ਉਹ ਲਾਸ਼ ਮੈਡੀਕਲ ਵਿਦਿਆਰਥੀਆਂ ਦੇ ਕੋਲ ਪੜ੍ਹਾਈ ਲਈ ਪਹੁੰਚੀ ਤਾਂ ਉਹ ਹੈਰਾਨ ਰਹਿ ਗਏ। ਰੋਜ਼ ਮੈਰੀ ਦੇ ਬਹੁਤੇ ਅੰਗ ਗਲਤ ਜਗ੍ਹਾ 'ਤੇ ਸਨ ਅਤੇ ਕੁਝ ਦੇ ਆਕਾਰ ਨਾਰਮਲ ਤੋਂ ਬਹੁਤ ਵੱਡੇ ਸਨ।



ਮਿਲੀ ਜਾਣਕਾਰੀ ਅਨੁਸਾਰ ਰੋਜ਼ ਮੈਰੀ ਬੈਂਟਲੀ ਦੀ ਮੌਤ ਕੁਦਰਤੀ ਸੀ ਤੇ ਉਨ੍ਹਾਂ ਨੂੰ ਇੰਨੇ ਸਾਲਾਂ ਤੱਕ ਆਪਣੇ ਅੰਗਾਂ ਦੇ ਬਾਰੇ ਪਤਾ ਵੀ ਨਹੀਂ ਲੱਗਾ ਸੀ। ਉਸ ਦਾ ਸਰੀਰ ਜਦ ਪੋਰਟਲੈਂਡ ਦੀ ਓਰੇਗੇਨ ਹੈਲਥ ਐਂਡ ਸਾਇੰਸ ਯੂਨੀਵਰਸਿਟੀ ਵਿੱਚ ਪ੍ਰਯੋਗ ਲਈ ਪਹੁੰਚਿਆ ਅਤੇ ਐਨਾਟੋਮੀ ਦੇ ਵਿਦਿਆਰਥੀਆਂ ਨੇ ਦੇਖਿਆ ਤਾਂ ਹੈਰਾਨ ਰਹਿ ਗਏ। ਰੋਜ਼ ਮੈਰੀ ਇੱਕ ਆਮ ਮਹਿਲਾ ਸੀ। ਪਰ ਇਸ ਵਕਤ ਉਹ ਇਤਿਹਾਸ ਦੀ ਕਿਤਾਬ ਵਿੱਚ ਦਰਜ ਹੋ ਗਈ ਹੈ ਤੇ ਮੈਡੀਕਲ ਲਿਟਰੇਚਰ ਵਿੱਚ ਉਨ੍ਹਾਂ ਨੂੰ ਜਗ੍ਹਾ ਦਿੱਤੀ ਗਈ ਹੈ। ਐਨਾਟਾਮੀ ਦੇ ਵਿਦਿਆਰਥੀ ਨੀਲਸਨ ਦੇ ਮੁਤਾਬਕ 2018 ਵਿੱਚ ਅਸੀਂ ਇਸ ਸਰੀਰ ਦੀ ਸੰਰਚਨਾ ਨੂੰ ਸਮਝ ਸਕੇ, ਪ੍ਰੰਤੂ ਅਸੀਂ ਦੇਖਿਆ ਕਿ ਉਨ੍ਹਾਂ ਦੇ ਦਿਲ ਵਿੱਚ ਇੱਕ ਵੱਡੀ ਨਸ ਗਾਇਬ ਸੀ, ਜੋ ਆਮ ਤੌਰ 'ਤੇ ਸੱਜੇ ਪਾਸੇ ਹੁੰਦੀ ਹੈ, ਪ੍ਰੰਤੂ ਉਹ ਖੱਬੇ ਸੀ। ਬੈਂਟਲੀ ਦੇ ਸੱਜੇ ਫੇਫੜੇ ਵਿੱਚ ਤਿੰਨ ਦੇ ਬਜਾਏ ਕੇਵਲ ਦੋ ਲੋਬ ਸਨ, ਜਦ ਕਿ ਉਸ ਦੇ ਦਿਲ ਦਾ ਸੱਜਾ ਐਟ੍ਰੀਅਮ ਆਮ ਨਾਲੋਂ ਦੁੱਗਣਾ ਸੀ। ਉਹ ਲੇਵੋਕਾਰਡੀਆ ਨਾਲ ਸਾਈਟਸ ਇਨ-ਵਰਸਿਸ ਨਾਂਅ ਦੀ ਸਥਿਤੀ ਵਿੱਚ ਜੀਅ ਰਹੀ ਸੀ, ਜਿਸ ਵਿੱਚ ਬਹੁਤੇ ਮਹੱਤਵ ਪੂਰਨ ਅੰਗ ਉਲਟੇ ਪਾਏ ਜਾਂਦੇ ਹਨ। ਜਿਵੇਂ ਸਰੀਰ ਦੇ ਅੰਦਰ ਆਈਨਾ ਲੱਗਾ ਹੋਵੇ। ਪ੍ਰੋਫੈਸਰ ਕੈਮਰਨ ਵਾਕਰ ਨੇ ਦੱਸਿਆ ਕਿ ਬੈਂਟਲੀ ਦੇ ਸਰੀਰ ਵਰਗੀ ਪੇਚੀਦਗੀ ਪੰਜ ਕਰੋੜ ਵਿੱਚੋਂ ਕਿਸੇ ਇੱਕ ਨੂੰ ਹੁੰਦੀ ਹੈ। ਰੋਜ਼ ਮੈਰੀ ਬੈਂਟਲੀ ਦੀ ਬੇਟੀ ਜਿੰਜਰ ਰਾਬਿਨਸ ਨੂੰ ਜਦ ਇਸ ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਦੀ ਮਾਂ ਨੂੰ ਕਦੇ ਕੋਈ ਦਿੱਕਤ ਨਹੀਂ ਹੋਈ। ਉਹ ਹਮੇਸ਼ਾ ਤੰਦਰੁਸਤ ਰਹੀ ਤੇ ਬਹੁਤ ਵਧੀਆ ਤੈਰਾਕ ਸੀ। ਪੇਸ਼ੇ ਤੋਂ ਹੇਅਰਡ੍ਰੈਸਰ ਬੈਂਟਲੀ ਦੀ ਦਿਲਚਸਪੀ ਵਿਗਿਆਨ ਵਿੱਚ ਸੀ। ਦੂਸਰੇ ਵਿਸ਼ਵ ਯੁੱਧ ਦੌਰਾਨ ਉਨ੍ਹਾਂ ਨੇ ਨਰਸ ਐਡ ਕਾਰਪ ਵਿੱਚ ਵਾਲੇਂਟਿਅਰ ਕੀਤਾ ਸੀ। ਉਹ ਹਮੇਸ਼ਾ ਕਹਿੰਦੀ ਸੀ ਕਿ ਜੇ ਵਿਦਿਆ ਦੇ ਚੰਗੇ ਮੌਕੇ ਮਿਲੇ ਹੁੰਦੇ ਤਾਂ ਉਹ ਇੱਕ ਚੰਗੀ ਨਰਸ ਹੁੰਦੀ।

Call for Free Estimates
A-1 RENOVATION
GTA INC
416-456-1462
OVER 15 YEARS OF SERVICE
Professionals in Completing Basements within 3 Weeks
$1,000
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

# ਖੂਨ ਸੁੰਘ ਕੇ ਕੈਂਸਰ ਦਾ ਪਤਾ ਲਾ ਸਕਦੇ ਨੇ ਕੁੱਤੇ

ਨਿਊਯਾਰਕ, 10 ਅਪ੍ਰੈਲ (ਪੋਸਟ ਬਿਊਰੋ)- ਕੁੱਤਿਆਂ ਨੂੰ ਇਨਸਾਨ ਦਾ ਸਭ ਤੋਂ ਵਫਾਦਾਰ ਦੋਸਤ ਕਿਹਾ ਜਾਂਦਾ ਹੈ। ਇਹ ਵਫਾਦਾਰ ਦੋਸਤ ਕੈਂਸਰ ਵਰਗੀ ਬਿਮਾਰੀ ਦੀ ਜਾਂਚ 'ਚ ਵੀ ਮਦਦਗਾਰ ਸਾਬਤ ਹੋ ਸਕਦਾ ਹੈ।

ਅਮਰੀਕੀ ਹੈਲਥਕੇਅਰ ਕੰਪਨੀ ਬਾਇਓਸੈਂਟਡੀਐਕਸ ਨੇ ਪਿੱਛੇ ਜਿਹੇ ਕੀਤੇ ਅਧਿਐਨ ਵਿੱਚ ਪਾਇਆ ਹੈ ਕਿ ਕੁੱਤੇ ਖੂਨ ਸੁੰਘ ਕੇ ਕੈਂਸਰ ਦਾ ਪਤਾ ਲਾ ਸਕਦੇ ਹਨ। ਇਨ੍ਹਾਂ ਦੇ ਨਤੀਜੇ 97 ਫੀਸਦੀ ਤੱਕ ਸਹੀ ਨਿਕਲੇ ਹਨ। ਵਿਗਿਆਨੀਆਂ ਨੂੰ ਉਮੀਦ ਹੈ ਕਿ ਇਸ ਨਾਲ ਕੈਂਸਰ ਦੀ ਜਾਂਚ ਦਾ ਨਵਾਂ ਸਸਤਾ ਤੇ ਬਗੈਰ ਚੀਰ ਫਾੜ ਦਾ ਤਰੀਕਾ ਲੱਭ ਸਕਦਾ ਹੈ। ਕੁੱਤਿਆਂ 'ਚ ਇਨਸਾਨਾਂ ਦੇ ਮੁਕਾਬਲੇ ਸੁੰਘਣ ਦੀ ਸਮਰੱਥਾ 10,000 ਗੁਣਾ ਵਧੇਰੇ ਹੁੰਦੀ ਹੈ। ਇਸ ਲਈ ਕੁੱਤੇ ਵੱਖ-ਵੱਖ ਤਰ੍ਹਾਂ ਦੀ ਮਹਿਕ ਬਾਰੇ ਕਾਫੀ ਸੰਵੇਦਨਸ਼ੀਲ ਹਨ। ਜਾਂਚ ਏਜੰਸੀਆਂ ਵੱਲੋਂ ਅਪਰਾਧੀਆਂ ਤੇ ਲਾਪਤਾ ਲੋਕਾਂ ਦੀ ਭਾਲ ਲਈ ਕੁੱਤਿਆਂ ਦਾ ਇਸਤੇਮਾਲ ਪੂਰੀ ਦੁਨੀਆ 'ਚ ਹੁੰਦਾ ਹੈ। ਧਮਾਕਾਖੇਜ਼ ਸਮੱਗਰੀ ਦੀ ਭਾਲ ਲਈ ਕੁੱਤਿਆਂ ਦੀ ਇਹ ਖੂਬੀ ਕੰਮ ਆਉਂਦੀ ਹੈ। ਵਿਗਿਆਨੀਆਂ ਨੂੰ ਉਮੀਦ ਹੈ ਕਿ ਕੁੱਤਿਆਂ ਦੀ ਇਸ ਸਮਰੱਥਾ ਦੀ ਵਰਤੋਂ ਕੈਂਸਰ ਦਾ ਪਤਾ ਲਾਉਣ 'ਚ ਵੀ ਹੋ ਸਕੇਗੀ। ਪ੍ਰਮੁੱਖ ਖੋਜਾਰਥੀ ਹੀਥਰ ਜਨਕਵੇਰਾ ਨੇ ਕਿਹਾ ਕਿ ਕੈਂਸਰ ਦਾ ਹਾਲਾਂਕਿ ਕੋਈ ਇਲਾਜ ਨਹੀਂ, ਪਰ ਜੇ ਸਹੀ ਸਮੇਂ 'ਤੇ ਪਤਾ ਲੱਗ ਜਾਵੇ ਤਾਂ ਇਸ ਨੂੰ ਠੀਕ ਕਰਨ ਦੀ ਉਮੀਦ ਵਧ ਜਾਂਦੀ ਹੈ। ਕੈਂਸਰ ਦੀ ਜਾਂਚ ਦੀ ਬਿਹਤਰ ਤਕਨੀਕ ਹਜ਼ਾਰਾਂ ਲੋਕਾਂ ਦੀ ਜ਼ਿੰਦਗੀ ਬਚਾਉਣ 'ਚ ਮਦਦਗਾਰ ਹੋ ਸਕਦੀ ਹੈ।



FIRST CHOICE FINANCIAL LIMITED
TRUCK LOANS
ਟਰੱਕ ਲੋਨ ਅਪਰੂਵਲ ਸਿਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟਰੱਕ ਤੇ ਟ੍ਰੇਲਰ ਦੀ Financing
○ Low Down payment/Flexible Terms
○ Large Inventory of New Trucks & Trailers
○ Quick Approvals ○ Honest Service
○ Best Rate in Town ○ Offices all over Canada
For more Information Contact
Rajdeep: 647.707.4167
Office: 905.678.2424

Honesty, Reliability, Commitment
HOMELIFE SILVERCITY
Hira Randhawa
Broker
• 1 yr Home Warranty
• 40% Discount on Brand Name
• Appliances & Furniture
• Free Evaluation & Lowest Commission
www.hirarandhawa.com
hirarandhawa@yahoo.ca
"OPEN HOUSE UNTIL SOLD"
For all your Real Estate needs: 416.319.0551 or 905.913.8585
$679,000 William Prkwy/Chinguacouasy — All Brick Semi-Detached House In The Most Popular Credit Valley Area. No Carpet In-House, Very Clean, No House Behind, Property Is Not To Be Missed. Close To School Plaza, Transit, Go Station And Parks.
$699,000 Morning Star/Airport — Great Opportunity For 1st Time Buyers. $$$ Upgrades Newly Renovated W/ Granite Counter Top, S/S Appliances, Close To School, 421/401, Westwood Mall, 2 Basement Apartment. One Br & 2 Br Each W/ Separate Entrance. Potential Income $1800/Month From Bsmnt.
$778,900 Charolais & Chinguacouasy — Renovated Bungalow. 3 Good Size Bedrooms Plus Den And 2 Bedroom Finished Basement With Separate Entrance Equipped With Appliances, New Kitchen + New Bathrooms + New Hardwood Very Close To Hwy, Downtown..
$789,000 Chinguacousy/Drinkwater — Spacious Detached 4 Bedrm Home Nestled In A Beautiful Neighbourhood. Freshly Painted, Laminate Flooring, No Carpet In The House. Furnace (2016), Most Of The Windows (2016), Master Bedroom W/I Closet And An Ensuite...
Call For:
RESP, SUPER -VISA,& TRAVEL
Insurance
H.Randhawa
416-319-0551

MICHELIN HANKOOK Continental ROADLUX BFGoodrich AEOLUS COMPASAL
BEST TRUCK REPAIR & TIRE CENTRE
We also Specialize in Engine, Transmission, Differential Rebuild, Safety Inspection & All Kinds of Electric Work
ਟਰੱਕਾਂ ਦੇ ਟਾਇਰਾਂ ਤੇ ਭਾਰੀ ਸੇਲ
7 ਦਿਨ ਖੁੱਲ੍ਹਾ
SPECIAL ON TRUCK ALIGNMENT
BRAND NEW MACHINES 2018
Brake & Drum Made in U.S - On Special Sale!
Special Sale 4 CAT Batteries $550 with Installation
Special Sale on Smartway Approved Tires $245 each
www.besttruckrepairandtire.ca | Email: ranjitbesttruck@yahoo.ca
Winter Sale Dhamaka
Chevron Delo
Special OIL CHANGE Rates
1715 Sismet Rd, Mississauga | Call Ranjit: 416.624.8351 | Tel: 905.625.0055

## ਭਾਰਤ ਦੇ 80 ਫੀਸਦੀ ਨੌਜਵਾਨ ਟਿੱਕ ਟੌਕ ਐਪ ਦੇ ਖਿਲਾਫ

ਨਵੀਂ ਦਿੱਲੀ, 10 ਅਪ੍ਰੈਲ (ਪੋਸਟ ਬਿਊਰੋ)- ਨਿਊਜ਼ ਐਪ ਇੰਨਸ਼ੌਰਟ ਦੇ ਸਰਵੇਖਣ ਮੁਤਾਬਕ ਦੇਸ਼ ਦੇ ਅੱਸੀ ਫੀਸਦੀ ਨੌਜਵਾਨ ਵਿਵਾਦਤ ਚੀਨੀ ਵੀਡੀਓ ਐਪ ਟਿਕ ਟੌਕ ਨੂੰ ਬੈਨ ਕਰਨ ਦੇ ਪੱਖ ਵਿੱਚ ਹਨ। ਪਿਛਲੇ ਹਫ਼ਤੇ ਹੀ ਮਦਰਾਸ ਹਾਈ ਕੋਰਟ ਨੇ ਇਸ ਦਲੀਲ ਨਾਲ ਕੇਂਦਰ ਸਰਕਾਰ ਨੂੰ ਐਪ ਉਤੇ ਰੋਕ ਲਾਉਣ ਦੀ ਸਲਾਹ ਦਿੱਤੀ ਸੀ ਕਿ ਇਸ ਨਾਲ ਨੌਜਵਾਨਾਂ ਵਿੱਚ ਅਸ਼ਲੀਲਤਾ ਵਧਦੀ ਹੈ। ਕੋਰਟ ਮੁਤਾਬਕ ਟਿਕ-ਟੌਕ ਦੀ ਮਾਲਕ ਚੀਨੀ ਟੈੱਕ ਕੰਪਨੀ ਬਾਈਟਡਾਂਸ ਹੈ ਜੋ ਨੌਜਵਾਨਾਂ ਨੂੰ ਅਨੁਚਿਤ ਕੰਟੈਂਟ ਹਾਸਲ ਕਰਾ ਰਹੀ ਹੈ। ਟਿਕ-ਟੌਕ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਐਪ ਸਭ ਸਥਾਨਕ ਨਿਯਮਾਂ ਅਤੇ ਕਾਨੂੰਨਾਂ ਨੂੰ ਮੰਨਣ ਨੂੰ ਪ੍ਰਤੀਬੱਧ ਹੈ। ਕੰਪਨੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਉਨ੍ਹਾਂ 2011 ਦੇ ਸੂਚਨਾ ਤਕਨੀਕੀ ਨਿਯਮਾਂ ਦੀ ਪੂਰੀ ਤਰ੍ਹਾਂ ਪਾਲਣਾ ਕੀਤੀ ਹੈ। ਇਸ ਦੌਰਾਨ ਕੁਝ ਵੱਡੇ ਸ਼ਹਿਰਾਂ ਵਿੱਚ ਕੀਤੇ ਸਰਵੇਖਣ ਵਿੱਚ 18 ਤੋਂ 35 ਉਮਰ ਦੇ 30 ਹਜ਼ਾਰ ਲੋਕਾਂ ਨੂੰ ਇਸ ਬਾਰੇ ਪੁੱਛਿਆ ਗਿਆ ਕਿ ਉਹ ਕੀ ਚਾਹੁੰਦੇ ਹਨ ਤਾਂ 80 ਫੀਸਦੀ ਲੋਕਾਂ ਨੇ 'ਹਾਂ' ਵਿੱਚ ਜਵਾਬ ਦਿੰਦੇ ਹੋਏ ਟਿਕ-ਟੌਕ ਨੂੰ ਬੈਨ ਕਰਨ ਦੀ ਗੱਲ ਕਹੀ। ਬੀਤੇ ਦਿਨੀਂ ਇੱਕ ਇਤਿਹ-ਾਸਿਕ ਸਥਾਨਂ ਉੱਤੇ ਟਿਕ ਟੌਕ ਐਪ ਦੌਰਾਨ ਇਕ ਔਰਤ ਨੇ ਪਾਕਿਸਤਾਨੀ ਡਾਇਲਾਗ ਉਤੇ ਵੀਡੀਓ ਬਣਾ ਕੇ ਗੁਰੂ ਮਰਿਯਾਦਾ ਨੂੰ ਠੇਸ ਲਾਈ ਸੀ ਅਤੇ ਵਾਰ ਵਾਰ ਬਣ ਰਹੀਆਂ ਇਹਨਾਂ ਵੀਡੀਓਜ਼ ਤੋਂ ਬਾਅਦ ਸਿੱਖ ਭਾਈਚਾਰੇ ਵਿਚ ਕਾਫੀ ਰੋਸ ਪੈਦਾ ਹੋਇਆ ਸੀ।

## ਕੁੰਵਰ ਵਿਜੇ ਪ੍ਰਤਾਪ ਦੀ ਵਾਪਸੀ ਨਾ ਹੋਈ ਤਾਂ ਪੰਜਾਬ ਵਿੱਚ ਵੱਡਾ ਸੰਘਰਸ਼ ਹੋਵੇਗਾ: ਧਿਆਨ ਸਿੰਘ ਮੰਡ

ਬਠਿੰਡਾ, 10 ਅਪ੍ਰੈਲ (ਪੋਸਟ ਬਿਊਰੋ)- ਬਰਗਾੜੀ ਦੇ ਬੇਅਦਬੀ ਕਾਂਡ ਅਤੇ ਬਹਿਬਲ ਕਲਾਂ ਤੇ ਕੋਟਕਪੂਰ ਦੇ ਗੋਲੀ ਕਾਂਡ ਦੀ ਜਾਂਚ ਕਰਨ ਲਈ ਪੰਜਾਬ ਦੀ ਕੈਪਟਨ ਅਮਰਿੰਦਰ ਸਿੰਘ ਸਰਕਾਰ ਵੱਲੋਂ ਬਣਾਈ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਦੇ ਸੀਨੀਅਰ ਮੈਂਬਰ ਕੁੰਵਰ ਵਿਜੇ ਪ੍ਰਤਾਪ ਸਿੰਘ ਆਈ ਜੀ ਬਾਰਡਰ ਰੇਂਜ ਨੂੰ ਚੋਣ ਕਮਿਸ਼ਨ ਨੇ ਨਾ ਸਿਰਫ ਜਾਂਚ ਤੋਂ ਹਟਾਇਆ ਹੈ, ਬਲਕਿ ਬਾਰਡਰ ਰੇਂਜ ਦੇ ਅਹੁਦੇ ਤੋਂ ਵੀ ਹਟਾ ਦਿੱਤਾ ਹੈ ਤਾਂ ਕਈ ਅਕਾਲੀ ਦਲ ਵਿਰੋਧੀ ਧਿਰਾਂ ਆਈ ਜੀ ਦੇ ਹੱਕ ਵਿੱਚ ਡਟ ਗਈਆਂ ਹਨ, ਜਿਨ੍ਹਾਂ ਨੇ ਪੰਜਾਬ ਸਰਕਾਰ, ਚੋਣ ਕਮਿਸ਼ਨ ਅਤੇ ਭਾਰਤ ਸਰਕਾਰ ਨੂੰ ਸੱਤਾਂ ਦਿਨਾਂ ਦਾ ਨੋਟਿਸ ਦਿੰਦਿਆਂ ਆਈ ਜੀ ਕੁੰਵਰ ਵਿਜੇ ਪ੍ਰਤਾਪ ਸਿੰਘ ਦੀ ਵਾਪਸੀ ਦੀ ਮੰਗ ਕੀਤੀ ਹੈ। ਕੱਲ੍ਹ ਇਥੇ



ਗੱਲਬਾਤ ਦੌਰਾਨ ਸਰਬੱਤ ਖਾਲਸਾ ਦੇ ਥਾਪੇ ਹੋਏ ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਧਿਆਨ ਸਿੰਘ ਮੰਡ ਨੇ ਕਿਹਾ ਕਿ ਆਈ ਜੀ ਵੱਲੋਂ ਜੇਲ੍ਹ ਵਿੱਚ ਬੰਦ ਡੇਰਾ ਸੱਚਾ ਸੌਦਾ ਸਿਰਸਾ ਦੇ ਮੁਖੀ ਤੋਂ ਪੁੱਛਗਿੱਛ ਕਰਨ ਸੀ ਤਾਂ ਅਕਾਲੀ ਦਲ ਹਾਈ ਕਮਾਨ ਨੂੰ ਬੇਅਦਬੀ ਦੇ ਰਾਜ਼ ਖੁੱਲ੍ਹਦੇ ਨਜ਼ਰ ਆਏ ਸਨ ਤੇ ਇਨ੍ਹਾਂ ਨੂੰ ਆਪਣੇ ਉੱਤੇ ਤਲਵਾਰ ਲਟਕਦੀ ਨਜ਼ਰ ਆਈ ਸੀ, ਇਸ ਕਾਰਨ ਇਨ੍ਹਾਂ ਨੇ ਇੱਕ ਯੋਜਨਾ ਤਹਿਤ ਚੋਣ ਕਮਿਸ਼ਨ ਨੂੰ ਸ਼ਿਕਾਇਤ ਕਰ ਕੇ ਕੁੰਵਰ ਵਿਜੇ ਪ੍ਰਤਾਪ ਸਿੰਘ ਨੂੰ ਪਾਸੇ ਕਰਵਾ ਦਿੱਤਾ ਹੈ, ਜਿਸ ਵਿੱਚ ਮੋਦੀ ਸਰਕਾਰ ਨੇ ਅਕਾਲੀ ਦਲ ਦੀ ਮਦਦ ਕੀਤੀ ਹੈ। ਉਨ੍ਹਾਂ ਕਿਹਾ ਕਿ ਚੋਣ ਕਮਿਸ਼ਨ ਨੇ ਇਹ ਕਦਮ ਚੁੱਕ ਕੇ ਸਿੱਖ ਸੰਗਤਾਂ ਦੇ ਜ਼ਖਮਾਂ ਉੱਤੇ ਲੂਣ ਸੁੱਟਿਆ ਹੈ ਕਿਉਂਕਿ ਐੱਸ ਆਈ ਬੇਅਦਬੀ ਕਾਂਡ ਨੂੰ ਪੂਰੀ ਤਰ੍ਹਾਂ ਹੱਲ ਕਰਨ ਦੇ ਬਿਲਕੁਲ ਨੇੜੇ ਪਹੁੰਚੀ ਹੋਈ ਹੈ, ਪਰ ਮੋਦੀ ਸਰਕਾਰ ਆਪਣੇ ਚਹੇਤਿਆਂ ਨੂੰ ਬਚਾਉਣ ਖਾਤਰ ਘਟੀਆ ਕਿਸਮ ਦੀ ਰਾਜਨੀਤੀ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਜੇ ਸੱਤ ਦਿਨਾਂ ਦੇ ਅੰਦਰ ਚੋਣ ਕਮਿਸ਼ਨ ਨੇ ਆਈ ਜੀ ਦੀ ਵਾਪਸੀ ਨਾ ਕਰਾਈ ਤਾਂ ਉਹ ਪੰਜਾਬ ਵਿੱਚ ਵੱਡਾ ਸੰਘਰਸ਼ ਵਿੱਢਣਗੇ।

## ਸੱਸ ਨਾਲ ਝਗੜੇ ਪਿੱਛੋਂ ਇੱਕ ਸਾਲ ਦਾ ਬੱਚਾ ਬਸ ਅੱਡੇ ਉਤੇ ਛੱਡ ਜਾਣ ਵਾਲੀ ਗ੍ਰਿਫਤਾਰ

ਜਲੰਧਰ, 10 ਅਪ੍ਰੈਲ (ਪੋਸਟ ਬਿਊਰੋ)- ਇਸ ਮਹਾਨਗਰ ਦੇ ਬਸ ਅੱਡੇ ਵਿੱਚ ਸ਼ੁੱਕਰਵਾਰ ਨੂੰ ਇੱਕ ਸਾਲਾ ਬੇਟੇ ਗੁਰਸੇਵਕ ਨੂੰ ਛੱਡ ਕੇ ਭੱਜ ਗਈ ਪਿੰਡ ਆਬਾਦਗੜ੍ਹ, ਪਠਾਨਕੋਟ ਦੀ 22 ਸਾਲਾ ਮਾਂ ਸੰਦੀਪ ਕੌਰ ਨੂੰ ਸਿਟੀ ਪੁਲਸ ਨੇ ਗ੍ਰਿਫਤਾਰ ਕਰ ਲਿਆ ਹੈ। ਉਸ ਦਾ ਪਤੀ ਅਰੁਣਦੀਪ ਸਿੰਘ ਦੁਬਈ ਵਿੱਚ ਹੈ ਅਤੇ ਉਸ ਦਾ ਸੱਸ ਜਸਵੰਤ ਕੌਰ ਨਾਲ ਝਗੜਾ ਹੋ ਜਾਣ ਤੋਂ ਉਹ ਗੁੱਸੇ ਵਿੱਚ ਸਹੁਰੇ ਘਰੋਂ ਭੱਜ ਆਈ ਸੀ। ਉਸ ਨੇ ਮੰਨਿਆ ਕਿ ਉਹ ਕਿਸੇ ਦੋਸਤ ਨਾਲ ਫਿਰੋਜ਼ਪੁਰ ਵਿੱਚ ਰਹੀ ਸੀ। ਦੂਸਰੇ ਪਾਸੇ ਪੋਤਰੇ ਨੂੰ ਲੈਣ ਲਈ ਦਾਦੀ ਜਸਵੰਤ ਕੌਰ ਨੇ ਅਰਜ਼ੀ ਦਿੱਤੀ ਹੈ ਅਤੇ ਕਾਨੂੰਨੀ ਕਾਰਵਾਈ ਪੂਰੀ ਮਗਰੋਂ ਦਾਦੀ ਨੂੰ ਪੋਤਰਾ ਸੌਂਪ ਦਿੱਤਾ ਜਾਏਗਾ। ਬੱਚਾ ਇਸ ਸਮੇਂ ਨਾਰੀ ਨਿਕੇਤਨ ਵਿੱਚ ਹੈ।



ਏ ਸੀ ਪੀ ਧਰਮਪਾਲ ਨੇ ਦੱਸਿਆ ਕਿ ਸ਼ੁੱਕਰਵਾਰ ਸਵੇਰੇ ਬਸ ਅੱਡੇ ਦੇ ਲੁਧਿਆਣਾ ਕਾਊਂਟਰ 'ਤੇ ਇੱਕ ਬੱਚਾ ਰੋਂਦਾ ਮਿਲਿਆ ਸੀ। ਉਸ ਨੂੰ ਇੰਚਾਰਜ ਮਦਨ ਲਾਲ ਆਪਣੇ ਨਾਲ ਚੌਕੀ ਲੈ ਗਏ ਅਤੇ ਚੌਕੀ ਦੀ ਵੀਡੀਓ ਸੋਸ਼ਲ ਮੀਡੀਆ ਉਤੇ ਵਾਇਰਲ ਹੋਣ ਦੇ ਬਾਅਦ ਉਸ ਦੀ ਦਾਦੀ ਜਸਵੰਤ ਕੌਰ ਕਰੀਬ ਪੰਜ ਘੰਟੇ ਬਾਅਦ ਪਠਾਨਕੋਟ ਤੋਂ ਬਸ ਅੱਡਾ ਚੌਕੀ ਪਹੁੰਚ ਗਈ ਸੀ। ਜਸਵੰਤ ਕੌਰ ਦੀ ਸ਼ਿਕਾਇਤ ਉਤੇ ਨੂੰਹ ਸੰਦੀਪ ਦੇ ਖਿਲਾਫ ਥਾਣਾ-6 ਵਿੱਚ ਕੇਸ ਦਰਜ ਕੀਤਾ ਗਿਆ ਸੀ।

ਸਪੈਸ਼ਲ ਆਪਰੇਸ਼ਨ ਯੂਨਿਟ ਦੀ ਟੀਮ ਨੂੰ ਸੂਹ ਮਿਲੀ ਕਿ ਸੰਦੀਪ ਫਿਰੋਜ਼ਪੁਰ ਤੋਂ ਆਈ ਬਸ 'ਚੋਂ ਉਤਰੀ ਹੈ। ਇਸ ਦੇ ਬਾਅਦ ਗੇਟ ਨੰਬਰ ਤਿੰਨ ਤੋਂ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ। ਗੁਰਦਾਸਪੁਰ ਦੀ ਵਸਨੀਕ ਸੰਦੀਪ ਨੇ ਦੱਸਿਆ ਕਿ ਉਸ ਦਾ ਵਿਆਹ ਚਾਰ ਦਸੰਬਰ 2015 ਨੂੰ ਪਠਾਨਕੋਟ ਦੇ ਪਿੰਡ ਆਬਾਦਗੜ੍ਹ ਦੇ ਅਰੁਣਦੀਪ ਸਿੰਘ ਨਾਲ ਹੋਇਆ ਸੀ। ਪਿਛਲੇ ਸਾਲ 20 ਮਾਰਚ ਨੂੰ ਉਸ ਨੇ ਬੇਟੇ ਗੁਰਸੇਵਕ ਨੂੰ ਜਨਮ ਦਿੱਤਾ। ਪਤੀ ਡੇਢ ਸਾਲ ਤੋਂ ਦੁਬਈ ਵਿੱਚ ਸੀ ਅਤੇ ਸੱਸ ਨਾਲ ਉਸ ਦੀ ਬਣਦੀ ਨਹੀਂ ਸੀ ਅਤੇ ਇੱਕ ਲੜਕੇ ਨਾਲ ਦੋਸਤੀ ਹੋ ਗਈ। ਪੰਜ ਅਪ੍ਰੈਲ ਨੂੰ ਉਸ ਦੀ ਸੱਸ ਨਾਲ ਝਗੜਾ ਹੋ ਗਿਆ ਤਾਂ ਘਰ ਛੱਡ ਕੇ ਭੱਜ ਆਈ। ਜਲੰਧਰ ਅੱਡੇ ਵਿੱਚ ਬੇਟਾ ਰੋ ਰਿਹਾ ਸੀ ਤਾਂ ਗੁੱਸੇ ਵਿੱਚ ਬਸ ਅੱਡੇ ਉਤੇ ਛੱਡ ਗਈ। ਫਿਰੋਜ਼ਪੁਰ ਜਾਣ ਦੇ ਬਾਅਦ ਅਖਬਾਰਾਂ ਵਿੱਚ ਉਸ ਨੇ ਖਬਰ ਪੜ੍ਹੀ, ਪਰ ਉਹ ਤਿੰਨ ਦਿਨ ਦੋਸਤ ਦੇ ਕੋਲ ਰਹੀ ਅਤੇ ਫਿਰ ਵਾਪਸ ਆ ਗਈ। ਇਹ ਉਸ ਦੀ ਜ਼ਿੰਦਗੀ ਦੀ ਸਭ ਤੋਂ ਵੱਡੀ ਗਲਤੀ ਸੀ।

## ਡਾਟਾ ਸਟੋਰ ਕਰਨ ਦੀ ਭਾਰਤ ਦੀ ਨਵੀਂ ਨੀਤੀ ਅਮਰੀਕਾ ਸਰਕਾਰ ਨੂੰ ਪੱਖਪਾਤੀ ਲੱਗੀ

ਨਵੀਂ ਦਿੱਲੀ, 10 ਅਪ੍ਰੈਲ (ਪੋਸਟ ਬਿਊਰੋ)- ਅਮਰੀਕਾ ਨੇ ਭਾਰਤ ਵੱਲੋਂ ਡਾਟਾ ਨੂੰ ਸਥਾਨਕ ਪੱਧਰ 'ਤੇ ਸਟੋਰ ਕਰਨ ਦੇ ਲਈ ਬਣਾਏ ਨਿਯਮਾਂ ਅਤੇ ਰਾਸ਼ਟਰੀ ਈ-ਕਾਮਰਸ ਨੀਤੀ ਦੇ ਖਰੜੇ ਦੀ ਆਲੋਚਨਾ ਕੀਤੀ ਹੈ। ਇਨ੍ਹਾਂ ਨੂੰ ਬੇਹੱਦ ਪੱਖਪਾਤੀ ਅਤੇ ਵਪਾਰ ਨੂੰ




ਵਿਗਾੜਨ ਵਾਲਾ ਦੱਸਿਆ ਗਿਆ ਹੈ। ਵਿਦੇਸ਼ੀ ਵਪਾਰਕ ਰੁਕਾਵਟਾਂ ਉਤੇ ਅਮਰੀਕਾ ਦੇ ਟ੍ਰੇਡ ਰਿਪ੍ਰੈਜ਼ੇਂਟੇਟਿਵ ਦੀ ਨੈਸ਼ਨਲ ਟ੍ਰੇਡ ਅਸਿਟਮੈਟ ਰਿਪੋਰਟ ਵਿੱਚ ਇਹ ਟਿੱਪਣੀ ਕੀਤੀ ਗਈ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਭਾਰਤ ਨੇ ਡਾਟਾ ਨੂੰ ਸਥਾਨਕ ਪੱਧਰ 'ਤੇ ਸਟੋਰ ਕਰਨ ਦੇ ਲਈ ਕਈ ਨਿਯਮ ਲਾਗੂ ਕੀਤੇ ਹਨ। ਇਹ ਅਮਰੀਕਾ ਅਤੇ ਭਾਰਤ ਵਿਚਾਲੇ ਹੋਣ ਵਾਲੇ ਡਿਜੀਟਲ ਵਪਾਰ ਵਿੱਚ ਰੁਕਾਵਟਾਂ ਖੜੀਆਂ ਕਰਨਗੇ। ਇਸ ਰਿਪੋਰਟ ਮੁਤਾਬਕ ਰਿਜ਼ਰਵ ਬੈਂਕ ਨੇ ਸਾਰੇ ਪੇਮੈਂਟ ਸਰਵਿਸਿਜ਼ ਆਪਰੇਟਰਾਂ ਤੋਂ ਲੈਣ-ਦੇਣ ਦਾ ਪੂਰਾ ਡਾਟਾ ਭਾਰਤ ਵਿੱਚ ਸਟੋਰ ਕਰਨ ਨੂੰ ਕਿਹਾ ਹੈ। ਇਨ੍ਹਾਂ ਨੂੰ ਗੈਰ ਜ਼ਰੂਰੀ ਤੌਰ ਉਤੇ ਆਪਣੇ ਡਾਟਾ ਸੈਂਟਰ ਭਾਰਤ ਵਿੱਚ ਲਗਾਉਣੇ ਹੋਣਗੇ। ਇਸ ਨਾਲ ਇੱਕ ਪਾਸੇ ਜਿੱਥੇ ਇਨ੍ਹਾਂ ਦੀ ਲਾਗਤ ਵਧੇਗੀ, ਦੂਸਰੇ ਪਾਸੇ ਘਰੇਲੂ ਕੰਪਨੀਆਂ ਨੂੰ ਦੁਨੀਆ ਵਿੱਚ ਉਪਲਬਧ ਸਭ ਤੋਂ ਬਿਹਤਰ ਸੇਵਾਵਾਂ ਦਾ ਲਾਭ ਨਹੀਂ ਮਿਲ ਸਕੇਗਾ। ਰਾਸ਼ਟਰੀ ਈ-ਕਾਮਰਸ ਦਾ ਨੀਤੀ ਦੇ ਖਰੜੇ ਦਾ ਮਕਸਦ ਅਜਿਹਾ ਨੀਤੀਗਤ ਢਾਂਚਾ ਹਾਸਲ ਕਰਾਉਣਾ ਹੈ ਜਿਸ ਨਾਲ ਦੇਸ਼ ਨੂੰ ਘਰੇਲੂ ਅਤੇ ਸੰਸਾਰਕ ਅਰਥ ਵਿਵਸਥਾ ਵਿੱਚ ਹੋ ਰਹੇ ਡਿਜੀਟਾਈਲੇਸ਼ਨ ਦਾ ਫਾਇਦਾ ਮਿਲ ਸਕੇ।

ਵਰਨਣ ਯੋਗ ਹੈ ਕਿ ਕੇਂਦਰ ਸਰਕਾਰ ਨੇ ਜੁਲਾਈ 2018 ਵਿੱਚ ਪ੍ਰਸਨਲ ਡਾਟਾ ਪ੍ਰੋਟੈਕਸ਼ਨ ਬਿਲ ਲਿਆਂਦਾ ਹੈ। ਜੇ ਇਹ ਪਾਸ ਹੋ ਜਾਂਦਾ ਹੈ ਤਾਂ ਅਜਿਹੀਆਂ ਕੰਪਨੀਆਂ, ਖਾਸ ਕਰ ਕੇ ਵਿਦੇਸ਼ੀ ਕੰਪਨੀਆਂ ਜੋ ਲੋਕਾਂ ਦੀ ਨਿੱਜੀ ਜਾਣਕਾਰੀ ਦੀ ਪ੍ਰੋਸੈਸਿੰਗ ਕਰਦੀਆਂ ਹਨ, ਉਨ੍ਹਾਂ 'ਤੇ ਕਈ ਤਰ੍ਹਾਂ ਦੇ ਬੋਝ ਵਧ ਜਾਣਗੇ।

## ਸੱਜਣ ਕੁਮਾਰ ਦਾ ਦੋਸ਼, ਪ੍ਰਮੁੱਖ ਗਵਾਹ ਨੂੰ ਸਿਖਾ-ਪੜ੍ਹਾ ਰਹੀ ਹੈ ਸੀ ਬੀ ਆਈ

ਨਵੀਂ ਦਿੱਲੀ, 10 ਅਪ੍ਰੈਲ (ਪੋਸਟ ਬਿਊਰੋ)- ਤਿਹਾੜ ਜੇਲ੍ਹ ਵਿੱਚ ਉਮਰ ਕੈਦ ਦੀ ਸਜ਼ਾ ਭੁਗਤ ਰਹੇ ਕਾਂਗਰਸ ਦੇ ਸਾਬਕਾ ਨੇਤਾ ਸੱਜਣ ਕੁਮਾਰ ਨੇ ਕੱਲ੍ਹ ਦਿੱਲੀ ਦੀ ਇੱਕ ਕੋਰਟ ਵਿੱਚ ਸੀ ਬੀ ਆਈ 'ਤੇ ਦੋਸ਼ ਲਗਾਇਆ ਕਿ ਉਹ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਇੱਕ ਕੇਸ ਦੇ ਇੱਕ ਪ੍ਰਮੁੱਖ ਗਵਾਹ ਨੂੰ ਸਿਖਾ-ਪੜ੍ਹਾ ਰਹੀ ਹੈ। ਸੱਜਣ ਕੁਮਾਰ ਦੇ ਵਕੀਲ ਨੇ ਕਿਹਾ ਕਿ ਸਬੂਤ ਇਹ ਹੈ ਕਿ ਗਵਾਹ 1985 ਵਿੱਚ ਪੁਲਸ ਦੇ ਸਾਹਮਣੇ ਦਿੱਤੇ ਗਏ ਆਪਣੇ ਬਿਆਨਾਂ ਦੇ ਉਲਟ ਸੂਚਨਾ ਦੇ ਰਿਹਾ ਹੈ, ਜਿਸ ਤੋਂ ਸਪੱਸ਼ਟ ਹੁੰਦਾ ਹੈ ਕਿ ਏਜੰਸੀ ਉਸ ਨੂੰ ਸਿਖਾ-ਪੜ੍ਹਾ ਰਹੀ ਹੈ। ਇਸ ਮਾਮਲੇ ਵਿੱਚ ਇੱਕ ਗਵਾਹ ਅਤੇ ਸ਼ਿਕਾਇਤ ਕਰਤਾ ਜੋਗਿੰਦਰ ਸਿੰਘ ਨੇ ਕੋਰਟ ਨੂੰ ਦੱਸਿਆ ਕਿ ਉਸ ਵੱਲੋਂ ਮਾਮਲੇ ਨਾਲ ਸੰਬੰਧਤ ਪੁਲਸ ਨੂੰ ਦਿੱਤੇ ਬਿਆਨ



ਵਿੱਚ ਲਿਖੇ ਗਏ ਕੁਝ ਸਬੂਤ ਝੂਠੇ ਸਨ। ਇਸ ਦੇ ਬਾਅਦ ਕੋਰਟ ਵਿੱਚ ਇਹ ਗੱਲ ਕਹੀ ਗਈ ਹੈ। ਤਿੰਨ ਲੋਕ-ਕੁਮਾਰ, ਬ੍ਰਹਮਾਨੰਦ ਗੁਪਤਾ ਤੇ ਵੇਦ ਪ੍ਰਕਾਸ਼ ਸੁਲਤਾਨਪੁਰੀ ਵਿੱਚ ਸੁਰਜੀਤ ਸਿੰਘ (ਜੋਗਿੰਦਰ ਦੇ ਰਿਸ਼ਤੇਦਾਰ) ਦੀ ਹੱਤਿਆ ਅਤੇ ਦੰਗੇ ਭੜਕਾਉਣ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਹਨ।


**Beauty Parlour ਲਈ ਲੜਕੀਆਂ ਦੀ ਲੋੜ ਹੈ**

Beauty/Hair Salon in **Mississauga** ਲਈ **hair cutting (Gents/Ladies)** ਅਤੇ **Threading/waxing** ਦਾ ਕੰਮ ਜਾਣਨ ਵਾਲੀਆਂ ਲੜਕੀਆਂ ਦੀ ਲੋੜ ਹੈ। Barber ਵੀ ਅਪਲਾਈ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ



**Off: 905-814-7400**
**Ph: 416-566-9678**



**AZ ਡਰਾਇਵਰਾਂ ਦੀ ਲੋੜ ਹੈ**

"New Drivers are welcome"



- ਵਧੀਆ ਤਨਖਾਹ
- ਆਟੋਪਾਰਟਸ ਲਈ
- ਆਟੋਮੈਟਿਕ ਟੱਰਕ

ਟੀਮ ਡਰਾਇਵਰਾਂ ਦੀ Texas, USA ਲਈ ਡੈਡੀਕੇਟਡ ਰਨ ਲਈ ਲੋੜ ਹੈ

647.456.8520 | 416.904.0715






**Matrimonial**

ਰਿਸ਼ਤੇ ਹੀ ਰਿਸ਼ਤੇ

Starting at just $10

ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202


## ਲੜਕੀ ਦੀ ਲੋੜ

ਜੱਟ ਸਿੱਖ ਢਿੱਲੋਂ ਲੜਕਾ, ਉਮਰ 25 ਸਾਲ, ਕੱਦ 5'-11", ਇੰਡੀਆ ਫਗਵਾੜਾ (ਪੰਜਾਬ) ਵਿੱਚ ਰਹਿੰਦੇ ਲੜਕੇ ਲਈ ਕੇਨੈਡੀਅਨ ਪੀ-ਆਰ ਲੜਕੀ ਜਾਂ ਵੱਰਕ ਪਰਮਿਟ/ਸਟੂਡੈਂਟ ਲੜਕੀ ਦੀ ਲੋੜ ਹੈ। ਪੀ-ਆਰ /Study ਦਾ ਸਾਰਾ ਖਰਚਾ ਲੜਕੇ ਦਾ ਪਰਿਵਾਰ ਕਰੇਗਾ। ਲੜਕੇ ਦਾ ਭਰਾ ਕੇਨੈਡਾ ਵਿੱਚ ਵੇਲ ਸੈਟਲਡ ਹੈ। ਕਾਲ ਕਰੋ: 416-628-6468 ਜਾਂ 01191-94634-85326

ਰਾਮਗੜ੍ਹੀਆ ਕੇਨੈਡੀਅਨ ਸਿਟੀਜ਼ਨ, ਉਮਰ 24 ਸਾਲ, ਕੱਦ 5'-6", Pharmacy Graduate ਜੋ ਆਪਣਾ ਟਰੱਕਿੰਗ ਬਿਜ਼ਨਸ ਚਲਾ ਰਹੇ ਲੜਕੇ ਲਈ ਸੁੰਦਰ ਤੇ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। Send Bio data & Recent photo at whatsapp +1 647-294-1068 or+1 289-242-8681

ਜੱਟ ਸਿੱਖ ਸਰਦਾਰ, ਉਮਰ 26 ਸਾਲ, ਲੰਬਾਈ 5 ਫੁੱਟ 8 ਇੰਚ, B.tech ਪੜ੍ਹਿਆ, ਵੀਜ਼ਿਟਰ ਵਿਜੇ ਤੇ ਆਏ ਲੜਕੇ ਲਈ Student/PR/Citizen ਲੜਕੀ ਦੀ ਲੋੜ ਹੈ। ਲੜਕੇ ਦਾ ਭਰਾ ਕੈਨੇਡਾ ਵਿੱਚ PR ਹੈ। ਸੰਪਰਕ- 289-772-6056, 437-236-5093

ਜੱਟ ਸਿੱਖ ਲੜਕਾ ਉਮਰ 29 ਸਾਲ, ਕੱਦ 6'2", MCOM, MBA & PGDCA ਅੰਮ੍ਰਿਤਧਾਰੀ ਵਿਜ਼ੀਟਰ ਵੀਜ਼ੇ ਤੇ ਆਏ ਲੜਕੇ ਲਈ PR/Citizen/Student ਲੜਕੀ ਦੀ ਲੋੜ ਹੈ । (Student ਦਾ ਖਰਚਾ ਵੀ ਕਰ ਸਕਦੇ ਹਾਂ) ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-643-4154

ਜੱਟ ਸਿੱਖ ਲੜਕਾ, ਉਮਰ 40 ਸਾਲ, ਕੱਦ 5'5", ਫਰਾਂਸ ਸਿਟੀਜ਼ਨ, ਇਕ 19 ਸਾਲਾਂ ਦੀ ਧੀ , ਪਤਨੀ ਦੀ ਮੌਤ ਨੂੰ 3 ਸਾਲ ਹੋ ਗਏ ਹਨ, ਕੈਨੇਡੀਅਨ PR ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 437-770-4806

Khatriboy 5'-7", Age 30 yrs, M.sc. in Mechanical eng. PR in Canada ਲਈ WorkPermit ਜਾਂ PR ਹੋਈ ਪੜ੍ਹੀ ਲਿਖੀ ਲੜਕੀ ਦੀ ਜਰੂਰਤ ਹੈ। - CASTE NO-BAR. For more info. Call 416-917-8804

## ਲੜਕੀ ਦੀ ਲੋੜ

A handsome, slim & athletic Senior Software Engineer in a Toronto Bank, M.S from USC, California, Cultured, Never Married Canadian Permanent Resident, June 1980/5'7", owns house, seeks a suitable slim, cultured, professionally qualified match below 36. MUST Email BHP to sb2can@gmail.com / 6477455075

ਜੱਟ ਸਿੱਖ ਭੱਠਲ, ਉਮਰ 32 ਸਾਲ, ਕੱਦ 6 ਫੁੱਟ, BA ਪਾਸ, ਨਸ਼ਾ ਰਹਿਤ ਲੜਕੇ ਲਈ PR ਜਾਂ Citizen ਲੜਕੀ ਦੀ ਲੋੜ। ਲੜਕਾ ਵਰਕ ਪਰਮਿਟ ਤੇ ਵਧੀਆ ਜਪਬ ਕਰਦਾ ਹੈ, ਲੁਧਿਆਣਾ ਤੇ ਮੋਗਾ ਜ਼ਿਲ੍ਹੇ ਨੂੰ ਪਹਿਲ, ਡਿਵੋਰਸੀ ਤੇ ਵੀ ਗੌਰ ਕੀਤੀ ਜਾ ਸਕਦੀ ਹੈ, ਲੜਕੇ ਦੀ ਭੈਣ ਕੇਨੇਡਾ ਵਿੱਚ ਵੈੱਲ ਸੈਟਲਡ ਹੈ। ਸੰਪਰਕ ਕਰੋ: 416-846-4141, 647-293-3813 ਜਾਂ ਫੇਰ ਈ-ਮੇਲ ਕਰੋ jyot317@gmail.com

ਜੱਟ ਸਿੱਖ ਲੜਕਾ, ਉਮਰ 27 ਸਾਲ, ਕੱਦ 5'11", ਨਸ਼ਿਆਂ ਤੋਂ ਦੂਰ, ਬੀ ਏ ਪਾਸ ਲਈ ਕਨੇਡੀਅਨ ਪੀ ਆਰ ਜਾਂ ਵੀਜ਼ਿਟਰ ਲੜਕੀ ਦੀ ਲੋੜ ਹੈ, ਸਟੂਡੈਂਟ ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +647 339 0864

ਜੱਟ ਸਿੱਖ ਕੁਲਾਰ ਲੜਕਾ, ਉਮਰ 27 ਸਾਲ , ਕੱਦ 5'10", Self Employed, ਵੱਰਕ ਵੀਜੇ ਤੇ ਆਏ ਲੜਕੇ ਲਈ, ਸੋਹਣੀ ਸੁਣਖੀ, ਲੰਮੀ ਤੇ ਪਤਲੀ P.R ਜਾਂ citizen ਲੜਕੀ ਦੀ ਲੋੜ ਹੈ। Student ਤੇ ਵੀ ਗੋਰ ਕੀਤੀ ਜਾ ਸਕਦੀ ਹੈ ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 91-9888871813 I 306-612-4093 ਜਾਂ ਇ ਮੇਲ ਕਰੋ: kaurindergrewal@gmail.com

ਜੱਟ ਸਿੱਖ ਹੋਠੀ ਲੜਕਾ, ਉਮਰ 28 ਸਾਲ, ਲਈ ਕੈਨੇਡੀਅਨ ਸਿਟੀਜ਼ਨ / ਪੀ-ਆਰ / ਵਰਕ ਪਰਮਿਟ / ਬਿਨਾਂ ਬੱਚੇ ਤੋਂ ਤਲਾਕਸ਼ੁਦਾ ਲੜਕੀ ਦੀ ਜ਼ਰੂਰਤ ਹੈ। ਸਟੂਡੈਂਟ ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਲੜਕਾ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਇਆ ਹੋਇਆ ਹੈ। ਵਿਆਹ ਜਲਦੀ!! ਸੰਪਰਕ: 647-463-8060

## ਲੜਕੇ ਦੀ ਲੋੜ

Jat sikh virk family looking for a well educated,tall & handome canadian citizen/Immigrant , never married vegetarian, non-drinker match for their 36 years old, 5-6" tall never married well educated and working in reputed bank, spiritual and family oriented daughter. Please send your picture at jeetk1631@gmail.com or call between Weekdays 6pm till 9pm; weekend 8 am to 9 pm and at 647-562-1631. Marriage bureau please stay away. 1 week

ਜੱਟ ਸਿੱਖ ਲੱੜਕੀ, ਉਮਰ 27 ਸਾਲ, ਕੱਦ 5'-5", ਡਾਕਟਰ (M.D), ਕਨੇਡੀਅਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਡਾਕਟਰ ਜਾਂ ਵਧੀਆ ਨੌਕਰੀ ਕਰਦਾ ਸਿਟੀਜ਼ਨ ਲੜਕੇ ਦੀ ਚਾਹੀਦਾ ਹੈ। ਸੰਪਰਕ ਕਰੋ: 647-701-9163, 905-915-3043

ਜੱਟ ਸਿੱਖ ਲੜਕੀ ਉਮਰ 28 ਸਾਲ, ਮਾਸਟਰ ਡਿਗਰੀ ਪੰਜਾਬੀ ਯੂਨੀਵਰਸਿਟੀ, ਤਲਾਕਸੁਧਾ ਤੇ ਇਕ ਤਿੰਨ ਸਾਲਾਂ ਦੀ ਧੀ ਲਈ ਕੈਨੇਡੀਅਨ PR ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ : 416-725-2929

ਜਟ ਸਿਖ ਪਰਿਵਾਰਕ ਲੜਕੀ, ਉਮਰ 28 ਸਾਲ, ਕਦ 5'-4", +2 ਕੀਤੀ ਹੋਨਹਾਰ ਲੜਕੀ ਲਈ P.R or Divorcee ਲੜਕਾ ਚਾਹੀਦਾ ਹੈ। ਲੜਕੀ ਇਥੇ ਕਨੇਡਾ ਆਈ ਹੋਈ ਹੈ। ਕਾਲ ਕਰੋ : 289-489-9321 ਜਾਂ 1-204-951-7136

Tonk Kshatriya parents seeking a suitable match for their Canadian born girl, 34 yrs old, 5'3" tall, educated in accounting. The boy should be hindu punjabi, attractive, athletic, vegetarian, educated. Plz send biodata with recent pictures. E -mail: matri.response2018@gmail. com

## ਲੜਕੇ ਦੀ ਲੋੜ

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-6", Divorcee ਤੇ 4 ਸਾਲ ਦੀ ਧੀ, ਇੰਡੀਆ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜ਼ਨ ਜਾਂ ਇਮੀਗ੍ਰੇਂਟ ਲੜਕੇ ਦੀ ਲੋੜ ਹੈ। Divorcee ਜਾਂ ਜਾਤ-ਪਾਤ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +91 9872665678 I 416-822-5229

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4", ਵਿਜ਼ਟਰ ਵੀਜੇ ਤੇ ਆਈ ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਸੰਪਰਕ ਕਰੋ : 647-267-0656 I 416-509-7252

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3", ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਜੱਟ ਸਿੱਖ ਲੜਕੀ, ਉਮਰ 33 ਸਾਲ, ਇਕ ਬੱਚੀ ਸਾਢੇ 3 ਸਾਲ, ਲਈ ਲੜਕੇ ਦੀ ਲੋੜ ਹੈ। ਲੜਕੀ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਈ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 647-239-4939, 734-377-4076


Check our Free E-paper at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202




Check our Free E-paper at: www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ



ਕੈਨੇਡੀਅਨ ਪੰਜਾਬੀ ਪੋਸਟ
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202







Check our Free E-paper at: www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ



**Wanted Office Clerk & Office Administrator**

- Fluent in English & Hindi are essential
- Good communication skills
- Good computer skills
- Willing to work in a fast paced work environment.

Please Email Resume at: molly@jfgroup.ca



**Cell n Tell Distribution Inc.**

1-401 Traders Blvd E, Mississauga, ON

Requires F/T Permanent Position, "Cellular Telephone Technician " to diagnose faults, Install, arrange, remove, maintain cellphones and related equipment. Ability to work on circuit boards, wiring and associated hardware. Inspect and test cellular equipment. Repair or replace defective and damages parts, wiring and associated equipment.

- $29 per hr
- Experience: 3-5 years
- Education has to be secondary high school or equivalent experience

Email Resume at umar.w@cellntell.com



**STARLANE PAINTING**

Residential • Commercial • Industrial

• Hotel • Motel • Exterior • Interior • Spray Painting • Office Painting • Drywall Fixing

ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ

7 Days A Week — Call For FREE Estimate

ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋਂ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ



416.230.4000 • 647.409.1092

www.STARLANEPAINTING.com

ਹਰਜੀਤ ਘਨੋਆ

# ਮੋਦੀ ਦੇ ਭਾਸ਼ਣਾਂ ਤੋਂ ਨੋਟਬੰਦੀ, ਜੀ ਐਸ ਟੀ ਅਤੇ ਕਿਸਾਨੀ ਕਰਜ਼ੇ ਦਾ ਮੁੱਦਾ ਗਾਇਬ

ਜਲੰਧਰ, 10 ਅਪ੍ਰੈਲ (ਪੋਸਟ ਬਿਊਰੋ)- ਸੱਤ ਪੜਾਵਾਂ ਵਿੱਚ ਹੋਣ ਜਾ ਰਹੀਆਂ ਲੋਕ ਸਭਾ ਚੋਣਾਂ ਦਾ ਪਹਿਲਾ ਪੜਾਅ ਖਤਮ ਹੋਣ ਨਾਲ 11 ਅਪਰੈਲ ਨੂੰ 20 ਰਾਜਾਂ ਦੀਆਂ 91 ਸੀਟਾਂ ਲਈ ਚੋਣਾਂ ਦਾ ਕੰਮ ਨਿਬ ਜਾਵੇਗਾ। ਪਹਿਲੇ ਪੜਾਅ ਵਾਲੇ ਚੋਣ ਪ੍ਰਚਾਰ ਦੌਰਾਨ ਜਿਥੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਦਿਨ ਰਾਤ ਪ੍ਰਚਾਰ ਕਰਕੇ ਭਾਜਪਾ ਦੇ ਹੱਕ ਵਿੱਚ ਹਵਾ ਬਣਾਉਣ ਦੇ ਯਤਨ ਕੀਤੇ ਗਏ, ਉਥੇ ਮੁੱਖ ਵਿਰੋਧੀ ਧਿਰ ਕਾਂਗਰਸ ਦੇ ਪ੍ਰਧਾਨ ਰਾਹੁਲ ਗਾਂਧੀ ਵੱਲੋਂ ਵੀ ਵੋਟਰਾਂ ਨੂੰ ਪ੍ਰਭਾਵਿਤ ਕਰਨ ਲਈ ਸਿਰਤੋੜ ਯਤਨ ਕੀਤੇ ਗਏ। ਦੋਵਾਂ ਪ੍ਰਮੁੱਖ ਪਾਰਟੀਆਂ ਵੱਲੋਂ ਇਕ ਵਾਰ ਫਿਰ ਦੇਸ਼ ਦੇ ਲੋਕਾਂ ਨੂੰ ਵਾਅਦਿਆਂ ਅਤੇ ਲਾਰਿਆਂ ਨਾਲ ਭਰਮਾਉਣ ਦੀ ਕੋਸ਼ਿਸ਼ ਕੀਤੀ ਗਈ ਅਤੇ ਦੋਵਾਂ ਪ੍ਰਮੁੱਖ ਪਾਰਟੀਆਂ ਦੇ ਆਗੂਆਂ ਨੇ ਲੋਕਾਂ ਦੇ ਅਸਲ ਮੁੱਦਿਆਂ ਗਰੀਬੀ, ਮਹਿੰਗਾਈ, ਭ੍ਰਿਸ਼ਟਾਚਾਰ, ਰੁਜ਼ਗਾਰ, ਸਸਤੀ ਸਿਹਤ ਅਤੇ ਸਿੱਖਿਆ ਸਮੇਤ ਇਨਸਾਨ ਦੀਆਂ ਮੁੱਢਲੀਆਂ ਲੋੜਾਂ ਕੁੱਲੀ, ਗੁੱਲੀ ਤੇ ਜੁੱਲੀ ਦੀ ਉਕਾ ਹੀ ਕੋਈ ਗੱਲ ਨਹੀਂ ਕੀਤੀ। ਦੋਵਾਂ ਪਾਰਟੀਆਂ ਵੱਲੋਂ ਬੇਸ਼ੱਕ ਇਸ ਵਾਰ ਵੀ ਆਪੋ ਆਪਣੇ ਚੋਣ ਮਨੋਰਥ ਪੱਤਰਾਂ 'ਚ ਵੱਡੇ-ਵੱਡੇ ਵਾਅਦੇ ਕੀਤੇ ਗਏ ਹਨ ਪਰ ਦੇਸ਼ ਦੇ ਲੋਕ ਚੰਗੀ ਤਰ੍ਹਾਂ ਜਾਣ ਚੁੱਕੇ ਹਨ ਕਿ ਇਹ ਚੋਣ ਮਨੋਰਥ ਪੱਤਰ ਕੇਵਲ ਉਨ੍ਹਾਂ ਨੂੰ ਭਰਮਾਉਣ ਦਾ ਹੀ ਯਤਨ ਹਨ।



ਚੋਣ ਅਮਲ ਸ਼ੁਰੂ ਹੋਣ ਤੋਂ ਪਹਿਲਾਂ ਤੱਕ ਭਾਜਪਾ ਵੱਲੋਂ ਨੋਟਬੰਦੀ ਅਤੇ ਜੀ ਐਸ ਟੀ ਨੂੰ ਸਰਕਾਰ ਦੀ ਵੱਡੀ ਪ੍ਰਾਪਤੀ ਦੱਸਿਆ ਜਾਂਦਾ ਸੀ ਅਤੇ ਚੋਣਾਂ 'ਚ ਇਨ੍ਹਾਂ ਨੂੰ ਵੱਡਾ ਮੁੱਦਾ ਬਣਾਏ ਜਾਣ ਦੀ ਸੰਭਾਵਨਾ ਸੀ, ਪਰ ਅਜਿਹਾ ਨਹੀਂ ਹੋ ਸਕਿਆ ਅਤੇ ਭਾਜਪਾ ਨੇ ਲੋਕਾਂ ਦੀ ਨਬਜ਼ ਨੂੰ ਟਟੋਲਦਿਆਂ ਜਲਦੀ ਹੀ ਇਨ੍ਹਾਂ ਮੁੱਦਿਆਂ ਤੋਂ ਪਾਸਾ ਵੱਟ ਲਿਆ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਭਾਸ਼ਣਾਂ ਵਿੱਚੋਂ ਇਕਦਮ ਇਹ ਮੁੱਦੇ ਗਾਇਬ ਹੋ ਗਏ। ਇਸੇ ਤਰ੍ਹਾਂ ਉਨ੍ਹਾਂ ਵੱਲੋਂ ਦੇਸ਼ ਦੇ ਵੱਡੇ ਵੋਟ ਬੈਂਕ ਕਿਸਾਨਾਂ ਦੇ ਕਰਜ਼ਿਆਂ ਦੇ ਮੁੱਦੇ 'ਤੇ ਇਕ ਤਰ੍ਹਾਂ ਨਾਲ ਚੁੱਪੀ ਧਾਰੀ ਹੋਈ ਹੈ ਤੇ ਕਿਤੇ ਵੀ ਉਨ੍ਹਾਂ ਵੱਲੋਂ ਕਿਸਾਨੀ ਕਰਜ਼ਿਆਂ ਨੂੰ ਮੁਆਫ ਕਰਨ ਦੀ ਕੋਈ ਗੱਲ ਨਹੀਂ ਕੀਤੀ ਜਾ ਰਹੀ। ਭਾਜਪਾ ਵੱਲੋਂ ਇਨ੍ਹਾਂ ਮੁੱਦਿਆਂ ਤੋਂ ਦੂਰੀ ਬਣਾਏ ਜਾਣ ਕਾਰਨ ਭਾਜਪਾ ਦੀ ਭਾਈਵਾਲ ਪਾਰਟੀ ਅਕਾਲੀ ਦਲ ਵੱਲੋਂ ਵੀ ਚੋਣ ਰੈਲੀਆਂ ਦੌਰਾਨ ਇਨ੍ਹਾਂ ਮੁੱਦਿਆਂ ਦਾ ਜ਼ਿਕਰ ਨਹੀਂ ਕੀਤਾ ਜਾ ਰਿਹਾ ਤੇ ਕੇਵਲ ਮੌਜੂਦਾ ਸੂਬਾ ਸਰਕਾਰ ਦੀਆਂ ਨਾਕਾਮੀਆਂ ਅਤੇ ਪਿਛਲੀ ਅਕਾਲੀ ਭਾਜਪਾ ਸਰਕਾਰ ਦੀਆਂ ਪ੍ਰਾਪਤੀਆਂ ਦੇ ਸਹਾਰੇ ਹੀ ਲੋਕਾਂ ਕੋਲੋਂ ਵੋਟਾਂ ਦੀ ਮੰਗ ਕੀਤੀ ਜਾ ਰਹੀ ਹੈ।

## ਸੋਸ਼ਲ ਮੀਡੀਆ ਉਤੇ 'ਮੁੰਡਾ ਚੌਕੀਦਾਰ ਲੱਗਿਆ' ਗੀਤ ਦੀ ਧੁੰਮ

ਲੁਧਿਆਣਾ, 10 ਅਪ੍ਰੈਲ (ਪੋਸਟ ਬਿਊਰੋ)- ਪਿਛਲੀਆਂ ਲੋਕ ਸਭਾ ਚੋਣਾਂ ਵਿੱਚ ਜਿਥੇ 'ਚਾਹ' ਵਾਲਾ ਸ਼ਬਦ ਚੋਣ ਪ੍ਰਚਾਰ ਵੇਲੇ ਸਿਖਰਾਂ ਉਤੇ ਸੀ, ਉਥੇ ਇਸ ਵਾਰ ਦੀਆਂ ਚੋਣਾਂ ਵਿੱਚ 'ਚੌਕੀਦਾਰ' ਸ਼ਬਦ ਉਤੇ ਸਿਆਸਤ ਚੱਲ ਰਹੀ ਹੈ। ਭਾਜਪਾ ਵੱਲੋਂ ਚਲਾਈ ਗਈ 'ਮੈਂ ਵੀ ਚੌਕੀਦਾਰ' ਅਤੇ ਕਾਂਗਰਸ ਵੱਲੋਂ 'ਚੌਕੀਦਾਰ ਚੋਰ ਹੈ' ਮੁਹਿੰਮ ਵਿੱਚ ਪੰਜਾਬੀ ਸੰਗੀਤ ਸਨਅਤ ਨਾਲ ਜੁੜੇ ਗੀਤਕਾਰਾਂ ਨੇ ਵੀ ਹਿੱਸਾ ਪਾਉਣਾ ਸ਼ੁਰੂ ਕਰ ਦਿੱਤਾ ਹੈ।

ਵਟਸਐਪ ਅਤੇ ਫੇਸਬੁੱਕ ਉਤੇ 'ਮੁੰਡਾ ਚੌਕੀਦਾਰ ਲੱਗਿਆ' ਗੀਤ ਵਾਇਰਲ ਹੋ ਰਿਹਾ ਹੈ। ਚਾਰ ਦਿਨ ਪਹਿਲਾਂ ਹੀ ਰੋਪੜ ਦੇ ਗਾਇਕ ਰੋਮੀ ਘੜਾਮੇ ਵਾਲਾ ਨੇ ਇਹ ਗੀਤ ਯੂ ਟਿਊਬ ਉੱਤੇ ਅਪਲੋਡ ਕੀਤਾ ਸੀ, ਜਿਸ ਤੋਂ ਬਾਅਦ ਲਗਾਤਾਰ ਇਹ ਸੋਸ਼ਲ ਮੀਡੀਆ ਉੱਤੇ ਘੁੰਮ ਰਿਹਾ ਹੈ। ਆਮ ਆਦਮੀ ਪਾਰਟੀ ਦੇ ਲੋਕ ਸਭਾ ਮੈਂਬਰ ਭਗਵੰਤ ਮਾਨ, ਗੁਰਪ੍ਰੀਤ ਗੋਗੀ ਸਮੇਤ ਕਾਂਗਰਸ ਦੇ ਕਈ ਵਿਧਾਇਕਾਂ ਨੇ ਇਸ ਨੂੰ ਆਪਣੇ ਟਵਿੱਟਰ ਅਤੇ ਫੇਸਬੁੱਕ ਪੇਜ ਉਤੇ ਸ਼ੇਅਰ ਕੀਤਾ ਹੈ। ਚੌਕੀਦਾਰ ਸ਼ਬਦ ਕਾਫੀ ਚਰਚਾ ਵਿੱਚ ਹੋਣ ਦਾ ਲਾਹਾ ਲੈ ਕੇ ਇਸ ਪੰਜਾਬੀ ਗਾਇਕ ਨੇ ਇਹ ਗੀਤ ਕੱਢਿਆ ਹੈ, ਜਿਸ ਦੇ ਬੋਲ ਹਨ 'ਮੁੰਡਾ ਵੇਚਦਾ ਹੁੰਦਾ ਸੀ ਪਹਿਲਾਂ ਚਾਹ ਨੀ, ਫਿਰ ਸਾਧਾਂ ਦੇ ਡੇਰੇ 'ਚ ਗਿਆ ਆ ਨੀ, ਉਥੇ ਭਾਸ਼ਣਬਾਜ਼ੀ ਦੇ ਵੱਲ ਸਿੱਖ ਕੇ ਕਰਨ ਪ੍ਰਚਾਰ ਲੱਗਿਆ, ਚੱਲ ਰਿਸ਼ਤਾ ਕਰਾਵਾਂ ਤੈਨੂੰ ਸਾਲੀਏ, ਨੀਂ ਮੁੰਡਾ ਚੌਕੀਦਾਰ ਲੱਗਿਆ।' ਇਸ ਗੀਤ ਦੇ ਬੋਲਾਂ ਜ਼ਰੀਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਖਿਲਾਫ ਭੜਾਸ ਕੱਢੀ ਗਈ ਹੈ। ਗੀਤ ਵਿੱਚ 15 ਲੱਖ, ਪਕੌੜਾ, ਰੁਜ਼ਗਾਰ ਯੋਜਨਾ, ਨੋਟਬੰਦੀ ਅਤੇ ਜੀ ਐਸ ਟੀ ਦਾ ਛੋਟੇ ਵਪਾਰ ਉਤੇ ਅਸਰ, ਨਾਲੇ ਵਿੱਚੋਂ ਪੈਦਾ ਹੁੰਦੀ ਗੈਸ ਆਦਿ ਦਾ ਵੀ ਜ਼ਿਕਰ ਹੈ। ਰੋਪੜ ਦੇ ਇਸ ਗੀਤਕਾਰ ਅਤੇ ਗਾਇਕ ਰੋਮੀ ਗੁਰਬਿੰਦਰ ਘੜਾਮੇ ਵਾਲਾ ਨੇ ਦੱਸਿਆ ਕਿ ਉਨ੍ਹਾਂ ਨੇ 31 ਮਾਰਚ ਨੂੰ ਇਕ ਨਿਊਜ਼ ਚੈਨਲ ਲਾਇਆ ਤਾਂ ਕਰੀਬ ਦੋ ਘੰਟੇ ਚੌਕੀਦਾਰ ਸ਼ਬਦ ਉਤੇ ਹੀ ਖਬਰਾਂ ਚੱਲਦੀਆਂ ਰਹੀਆਂ ਅਤੇ ਚਰਚਾ ਹੁੰਦੀ ਰਹੀ।

## ਫੇਸਬੁੱਕ ਉੱਤੇ ਸਾਬਕਾ ਪਤੀ ਦੀ ਪਤਨੀ ਖਿਲਾਫ ਬੋਲਣਾ ਮਹਿੰਗਾ ਪਿਆ

ਨਵੀਂ ਦਿੱਲੀ, 10 ਅਪ੍ਰੈਲ (ਪੋਸਟ ਬਿਊਰੋ)- ਇਕ ਬ੍ਰਿਟਿਸ਼ ਔਰਤ ਨੂੰ ਪਿਛੇ ਜਿਹੇ ਆਪਣੇ ਸਾਬਕਾ ਪਤੀ ਦੀ ਪਤਨੀ ਨੂੰ ਸੋਸ਼ਲ ਮੀਡੀਆ ਉੱਤੇ 'ਘੋੜੀ' ਕਹਿਣ ਦੇ ਦੋਸ਼ ਵਿੱਚ ਦੁਬਈ ਵਿੱਚ ਦੋ ਸਾਲ ਦੀ ਸਜ਼ਾ ਅਤੇ 45 ਲੱਖ ਦਾ ਜੁਰਮਾਨਾ ਕੀਤਾ ਗਿਆ ਹੈ, ਜਿਸ ਦੀ ਸੰਸਾਰ ਭਰ ਵਿੱਚ ਚਰਚਾ ਹੋਈ ਹੈ।



ਬ੍ਰਿਟੇਨ ਦੀ ਨਾਗਰਿਕ ਲਲੇਹ ਸ਼ਾਹਰਵੇਸ਼ ਨੂੰ ਮਾਰਚ ਵਿੱਚ ਦੁਬਈ ਦੇ ਸਖਤ ਸਾਈਬਰ ਅਪਰਾਧ ਕਾਨੂੰਨਾਂ ਅਧੀਨ ਗ੍ਰਿਫਤਾਰ ਕੀਤਾ ਗਿਆ ਸੀ। ਸ਼ਾਹਰਵੇਸ਼ ਨੂੰ ਦੁਬਈ ਪੁਲਸ ਵੱਲੋਂ ਉਸ ਸਮੇਂ ਗ੍ਰਿਫਤਾਰ ਕੀਤਾ ਗਿਆ, ਜਦੋਂ ਉਹ ਦੁਬਈ ਆਪਣੇ ਸਾਬਕਾ ਪਤੀ ਪੇਡਰੋ ਮੈਨੂਅਲ ਦੇ ਅੰਤਿਮ ਸੰਸਕਾਰ ਵਿੱਚ ਸ਼ਾਮਲ ਹੋਣ ਲਈ ਪੁੱਜੀ ਸੀ। ਅਸਲ ਵਿੱਚ ਸ਼ਾਹਰਵੇਸ ਨੇ ਆਪਣੇ ਸਾਬਕਾ ਪਤੀ ਦੇ ਦੂਸਰੇ ਵਿਆਹ ਦੀਆਂ ਤਸਵੀਰਾਂ ਬਾਰੇ ਫੇਸਬੁੱਕ 'ਤੇ ਟਿੱਪਣੀ ਕੀਤੀ ਸੀ, ਜਿਸ ਵਿੱਚ ਉਸ ਨੇ ਆਪਣੇ ਸਾਬਕਾ ਪਤੀ ਦੀ ਪਤਨੀ ਸਮਾਹ-ਅਲ-ਹਮਾਦੀ ਨੂੰ 'ਘੋੜੀ' ਤੇ ਸਾਬਕਾ ਪਤੀ ਨੂੰ 'ਮੂਰਖ' ਕਿਹਾ ਸੀ। ਜਿਸ ਸਮੇਂ ਸ਼ਾਹਰਵੇਸ ਨੇ ਇਹ ਟਿੱਪਣੀ ਕੀਤੀ ਸੀ ਤਾਂ ਉਸ ਸਮੇਂ ਉਹ ਬ੍ਰਿਟੇਨ ਵਿੱਚ ਸੀ। ਸ਼ਾਹਰਵੇਸ ਨੇ ਇਹ ਟਿੱਪਣੀ ਗੁੱਸੇ ਵਿੱਚ ਕੀਤੀ ਸੀ, ਕਿਉਂਕਿ ਉਸ ਦੇ ਪਤੀ ਨੇ 18 ਸਾਲ ਦਾ ਵਿਆਹ ਤੋੜ ਕੇ 2016 ਵਿੱਚ ਦੂਸਰਾ ਵਿਆਹ ਕਰ ਲਿਆ ਸੀ, ਜਿਸ ਦਾ ਪਤਾ ਸ਼ਾਹਰਵੇਸ ਨੂੰ ਫੇਸਬੁੱਕ ਤੋਂ ਲੱਗਾ ਸੀ। ਸ਼ਾਹਰਵੇਸ ਦੀ 14 ਸਾਲਾ ਬੇਟੀ ਪੈਰਿਸ ਨੇ ਦੁਬਈ ਦੇ ਸ਼ਹਿਜ਼ਾਦੇ ਤੋਂ ਆਪਣੀ ਮਾਂ ਨੂੰ ਛੱਡਣ ਦੀ ਅਪੀਲ ਕੀਤੀ ਹੈ।

## ਪਹਿਲਾਂ ਕੁਪੋਸ਼ਣ ਸੀ, ਅੱਜ ਕੱਲ੍ਹ ਭਾਰਤ ਮੋਟਾਪੇ ਤੋਂ ਪਰੇਸ਼ਾਨ ਹੈ

ਨਵੀਂ ਦਿੱਲੀ, 10 ਅਪ੍ਰੈਲ (ਪੋਸਟ ਬਿਊਰੋ)- ਕੁਝ ਸਾਲ ਪਹਿਲਾਂ ਦੇਸ਼ ਵਿੱਚ ਕੁਪੋਸ਼ਣ ਸਭ ਤੋਂ ਵੱਡੀ ਪਰੇਸ਼ਾਨੀ ਸੀ, ਜਿਸ ਬਾਰੇ ਅਜੇ ਤੱਕ ਸਰਕਾਰਾਂ ਜ਼ਮੀਨੀ ਪੱਧਰ 'ਤੇ ਕਾਮਯਾਬ ਨਹੀਂ ਹੋ ਸਕੀਆਂ, ਪਰ ਅੱਗੋਂ ਮੋਟਾਪਾ ਵੀ ਵੱਡੀ ਸਮੱਸਿਆ ਬਣ ਕੇ ਸਾਹਮਣੇ ਆ ਰਿਹਾ ਹੈ। ਇਸ ਦੇ ਨਤੀਜੇ ਦੇਸ਼ ਦੇ ਸਭ ਤੋਂ ਵੱਡੀ ਡਾਕਟਰੀ ਸੰਸਥਾ ਏਮਸ ਵਿੱਚ ਦੇਖਣ ਨੂੰ ਮਿਲ ਰਹੇ ਹਨ, ਜਿਥੇ ਨੌਜਵਾਨਾਂ ਦੀ ਗਿਣਤੀ ਸਭ ਤੋਂ ਜ਼ਿਆਦਾ ਹੈ।

ਕੱਲ੍ਹ ਏਮਸ ਵਿੱਚ ਹੋਏ ਇਕ ਪ੍ਰੋਗਰਾਮ ਵਿੱਚ ਡਾਕਟਰਾਂ ਨੇ ਅਹਿਮ ਸੂਚਨਾਵਾਂ ਦਿੱਤੀਆਂ। ਜਨਵਰੀ 2008 ਵਿੱਚ ਏਮਸ (ਆਲ ਇੰਡੀਆ ਮੈਡੀਕਲ ਇੰਸਟੀਚਿਊਟ) ਇਸ ਦੇਸ਼ ਦਾ ਪਹਿਲਾ ਅਜਿਹਾ ਸਰਕਾਰੀ ਹਸਪਤਾਲ ਸੀ, ਜਿਥੇ ਸਭ ਤੋਂ ਪਹਿਲਾ ਬੇਰਿਏਟ੍ਰਿਕ ਸਰਜਰੀ ਸ਼ੁਰੂ ਹੋਈ ਸੀ। ਅੱਜ ਕੱਲ੍ਹ ਹੌਲੀ-ਹੌਲੀ ਇਥੇ ਸੈਂਕੜੇ ਮਰੀਜ਼ ਹਰ ਰੋਜ਼ ਡਾਕਟਰਾਂ ਨਾਲ ਸਲਾਹ ਲਈ ਪਹੁੰਚ ਰਹੇ ਹਨ। ਡਾਕਟਰਾਂ ਅਨੁਸਾਰ 70 ਫੀਸਦੀ ਮਰੀਜ਼ 30 ਤੋਂ 50 ਸਾਲ ਦੀ ਉਮਰ ਦੇ ਹਨ। ਸਰਜਰੀ ਵਿਭਾਗ ਦੇ ਪ੍ਰੋਫੈਸਰ ਡਾ. ਸੰਦੀਪ ਅਗਰਵਾਲ ਨੇ ਦੱਸਿਆ ਕਿ ਦੇਸ਼ ਪਹਿਲਾਂ ਕੁਪੋਸ਼ਣ ਤੋਂ ਪਰੇਸ਼ਨ ਸੀ, ਪਿਛਲੇ ਕੁਝ ਸਾਲਾਂ ਤੋਂ ਮੋਟਾਪੇ ਦੀ ਸਮੱਸਿਆ ਵਧ ਰਹੀ ਹੈ। ਇਸ ਨਾਲ ਲੋਕਾਂ ਵਿੱਚ ਸ਼ੂਗਰ, ਹਾਈ ਬਲੱਡ ਪ੍ਰੈਸ਼ਰ, ਸਲੀਪ ਐਪਨੀਆ ਦੇ ਕੇਸ ਵੀ ਵਧ ਰਹੇ ਹਨ। ਇਹ ਹਰ ਤੀਸਰੇ ਮਰੀਜ਼ ਵਿੱਚ ਪਾਇਆ ਜਾਂਦਾ ਹੈ।

V4U LOGISTIC INC.
Delivering "Satisfaction"... On Time Every Time
NOW HIRING
A/Z Drivers Needed
Local City Drivers @ 22/hr
For Canada To US Runs
• General Freight
• Yard to Yard Work
• Up to 3500 miles/wk
• 2 Yr. Exp
• Clear CVOR & Abstract
For Owner Operator upto $1.62/mile
USA Driver $0.60/mile | Canada wide $0.50/mile
☆ Disability Insurance
☆ Travel Insurance
☆ Medical Benefits
☆ Dental Benefits
ਪਰਗਟ ਸਿੰਘ ਨੂੰ ਫੋਨ ਕਰੋ:
416-625-3096
ਟਰੱਕ ਮਕੈਨਿਕ ਦੀ ਵੀ ਲੋੜ ਹੈ

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
Best Canadian Truck & Forklift Training Centre
ਟਰੱਕ ਡਰਾਈਵਿੰਗ ਦੀ ਟ੍ਰੇਨਿੰਗ ਹਰ ਰੋਜ ਦਿਤੀ ਜਾਂਦੀ ਹੈ
Open Seven Days
✔AZ Tractor trailer program
✔Manual transmission & backup training everyday
✔We welcome welfare workers & compensation clients
Forklift Re-Certification Only $69.00/-
Karnail Singh
416.670.3173 | 905.799.7333
27 Edvac Dr, Brampton, ON L6S 5X8

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

Cell n Tell Distribution Inc.
1-401 Traders Blvd E, Mississauga, ON
Requires F/T Permanent Position, 30 Hrs P/Week " Wholesale Establishment Manager" to study market research and trends to determine consumer demand, potential sales volumes and effect of competitors operation on sales. Determine merchandise and services to be sold, Implement Price and credit policies, locate and select and procure merchandise for resale. Develop and implement marketing strategies. Plan budgets and monitor revenues and expenses. Resolve problems, customer complaints and supply shortages, plan, organize, direct, control evaluate daily operations.
◦ $50 per hr
◦ Experience: 5 years or more
◦ Education: Bachelors Degree Business/Commerce
Email Resume at umar.w@cellntell.com

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE TEMS
CANADIAN RED CROSS Training Partner

Get the right INSURANCE for you!
AUTO | HOME | BUSINESS
Life Insurance, Critical Illness,
Disability, Super Visa Insurance,
Travel & Visitor Insurance, Investments
Damanjit S. Kainth (KD) 416.554.1869
damanjit@hotmail.com

BRITANNIA AUTO BODY
We deal with All Major Insurance companies
401 & Dixie Rd
Call: 416.671.7252
6087 Netherhart Rd, #1 & 2, Mississauga, ON L5T 1G5

amar™
INTERMODAL • TRANSPORT • STORAGE
HIRING DRIVERS
for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

Free Blood Pressure Machine for Seniors
*Some conditions apply
ਫਰੀ ਡਲੀਵਰੀ - Free Delivery
Ph: 905-454-2000
51 Mcmurchy Ave (S) Brampton, ON L6Y 1Y5
Near Queen St (W) & Main st (S)

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
• 6 ਕੰਮ ਸੋਮਵਾਰ ਤੋ ਸ਼ਨੀਵਾਰ
• Homely Environment
• Biweekly payment
• ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

MANN RENOVATION
ਘਰਾਂ ਦੀ ਰੈਨੋਵੇਸ਼ਨ ਜਿਵੇਂ ਬੇਸਮੈਂਟ ਬਣਾਉਣੀ, ਸਾਈਡ ਐਂਟਰੈਂਸ, ਵਾਸ਼ਰੂਮ ਬਣਾਉਣਾ, ਟਾਇਲਾਂ ਦਾ ਕੰਮ, ਕੰਕਰੀਟ ਆਦਿ । ਇਸ ਤੋਂ ਇਲਾਵਾ ਕਿਸੇ ਵੀ ਤਰ੍ਹਾਂ ਦਾ ਇਲੈਕਟ੍ਰੀਕਲ ਕੰਮ, ਪਲੰਬਿੰਗ ਦਾ ਕੰਮ ਕਰਵਾਉਣ ਲਈ ਕਾਲ ਕਰੋ :
416 839 0647, 905-598-4640

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

RESIDENTIAL - COMMERCIAL PROPERTY - INDUSTRIAL
For all your Real Estate Need Call
416.262.2600
Email: karampunian@gmail.com
KARAM SINGH PUNIAN
Sales Representative
HomeLife Maple Leaf Realty Ltd.
80 Eastern Ave, Brampton, ON
Tel: 905.456.9090

Tri-City Professional Realty Inc., Brokerage
Number 1 Tri-City agent in Canada on basis of sales volume 2015
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ



- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection


ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777

31 Melanie Dr. Unit #4 Brampton, ON L6T 5H8
Avtar Singh Tiwana
Sales Rep.

FOR SALE
Photo Not Available
$129,900
Darcel/Brandon Gate
ਬਹੁਤ ਹੀ ਵਧੀਆ ਲੋਕੇਸ਼ਨ ਤੇ, ਵੈਸਟ ਵੁਡ ਮਾਲ ਵਿੱਚ ਕਾਂਡੋ ਯੂਨਿਟ ਸੇਲ ਲਈ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ਤੇ ਰੈਂਟ ਬਚਾਓ।



FOR SALE
$969,900
Sandalwood/ Sunny Meadow
5 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਦੇ ਡਿਟੈਚਡ ਘਰ ਨੂੰ 2 ਬੈਡਰੂਮ ਫੀਨਿਸ਼ਡ ਬੈਸਮੈਂਟ। ਸੇਪਰੇਟ ਲਿਵਿੰਗ ਤੇ ਡਾਇਨਿੰਗ ਰੂਮ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬਸਾਂ ਆਦਿ ਦੇ ਨੇੜੇ।



FOR SALE
$799,900
Chinguacousy/Sandalwood
5 ਬੈਡਰੂਮ + 3 ਵਾਸ਼ਰੂਮ ਦਾ ਬਹੁਤ ਹੀ ਸੋਹਣਾ ਸੈਮੀ ਡੀਟੈਚਡ, ਡਬਲ ਸਟੋਰੀ ਘਰ, ਹਾਰਡਵੁਡ ਫਲੋਰ, ਡਬਲ ਡੋਰ ਗਰਾਜ, ਸਕੂਲ, ਬੱਸ ਸਟਾਪ, ਜਿਮ ਆਦਿ ਸਹੂਲਤਾਂ ਦੇ ਨੇੜੇ।



FOR SALE
$3,249,000
Niagara Falls Ontario
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋਂ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।

# ਐੱਨ.ਡੀ.ਪੀ. ਨੇਤਾ ਜਗਮੀਤ ਸਿੰਘ ਦੀ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਚਿੱਠੀ

ਔਟਵਾ, ਐੱਨ.ਡੀ.ਪੀ. ਦੇ ਮੁਖੀ ਜਗਮੀਤ ਸਿੰਘ ਤੇ ਇਸ ਪਾਰਟੀ ਦੇ ਪਬਲਿਕ ਸੇਫ਼ਟੀ ਕ੍ਰਿਟਿਕ ਮੈਥਿਊ ਡੁਬੇ ਨੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਸਾਂਝੇ ਤੌਰ 'ਤੇ ਚਿੱਠੀ ਲਿਖੀ ਹੈ ਜਿਸ ਦੀ ਸ਼ਬਦਾਵਲੀ ਹੇਠ ਲਿਖੀ ਹੈ:





ਪਿਆਰੇ ਪ੍ਰਧਾਨ ਮੰਤਰੀ ਟਰੂਡੋ ਜੀ,

ਕੀ ਤੁਹਾਨੂੰ 'ਟੈਰਰਿਜ਼ ਥਰੈੱਟ ਟੂ ਕੈਨੇਡਾ 2018 ਪਬਲਿਕ ਸੇਫ਼ਟੀ ਰਿਪੋਰਟ' ਬਾਰੇ ਜਾਣਕਾਰੀ ਹੈ ਜੋ 11 ਦਸੰਬਰ 2018 ਨੂੰ ਛਪੀ ਸੀ ਅਤੇ ਕੈਨੇਡਾ-ਵਾਸੀਆਂ ਲਈ ਕਈ ਸੁਆਲ ਖੜੇ ਕਰ ਗਈ ਹੈ।

14 ਦਸੰਬਰ 2018 ਨੂੰ ਪਬਲਿਕ ਸੇਫ਼ਟੀ ਮੰਤਰੀ ਮਾਣਯੋਗ ਰੈਲਫ਼ ਗੁਡਲੇ ਨੇ 'ਸਿੱਖ', 'ਸ਼ੀਆ' ਤੇ 'ਸੁੰਨੀ' ਵਰਗੇ ਸ਼ਬਦ ਵਰਤ ਕੇ ਇਨ੍ਹਾਂ ਨੂੰ ਅੱਤਵਾਦ ਨਾਲ ਜੋੜ ਕੇ ਪੂਰੀਆਂ ਦੀਆਂ ਪੂਰੀਆਂ ਕਮਿਊਨਿਟੀਆਂ ਦੀ ਅੱਤਵਾਦ ਨਾਲ ਸਮਾਨਤਾ ਕੀਤੀ ਸੀ। ਅਲਬੱਤਾ, ਹੁਣ ਤੀਕ ਇਸ ਰਿਪੋਰਟ ਵਿਚ ਕੋਈ ਵੀ ਤਬਦੀਲੀ ਨਹੀਂ ਕੀਤੀ ਗਈ ਹੈ।

ਅਸੀਂ ਤੁਹਾਨੂੰ ਇਹ ਚਿੱਠੀ ਬੜੀ ਤੀਬਰਤਾ ਨਾਲ ਇਹ ਯਾਦ ਕਰਾਉਣ ਲਈ ਲਿਖ ਰਹੇ ਹਾਂ ਕਿ ਇਸ ਚਿੱਠੀ ਵਿਚ ਕੋਈ ਸੋਧ ਨਾ ਹੋਣ ਦੀ ਹਾਲਤ ਵਿਚ ਇਹ ਇਨ੍ਹਾਂ ਕਮਿਊਨਿਟੀਆਂ ਉੱਪਰ ਲਗਾਤਾਰ ਅੱਤਵਾਦ ਦਾ ਲੇਬਲ ਲਗਾ ਰਹੀ ਹੈ ਅਤੇ ਉਨ੍ਹਾਂ ਨੂੰ ਹੋਰਨਾਂ ਕਮਿਊਨਿਟੀਆਂ ਨਾਲੋਂ ਨਿਖੇੜ ਰਹੀ ਹੈ। ਇਸ ਸੰਦਰਭ ਵਿਚ ਸਾਡੇ ਦੋ ਖ਼ਦਸ਼ੇ ਹਨ:

ਪਹਿਲਾ, ਪੂਰੀਆਂ ਦੀਆਂ ਪੂਰੀਆਂ ਕਮਿਊਨਿਟੀਆਂ ਨੂੰ ਹੀ ਅੱਤਵਾਦੀ ਗਰਦਾਨਣਾ।

ਦੂਸਰਾ, ਲੋੜੀਂਦੇ ਸਬੂਤਾਂ ਤੋਂ ਬਿਨਾਂ ਹੀ 'ਕਰੰਟ ਟੈਰਿਰਿਸਟ ਥਰੈੱਟ ਲਿਸਟ' ਨੂੰ 'ਸਿੱਖ/ਖ਼ਾਲਿਸਤਾਨੀ ਅੱਤਵਾਦ ਨਾਲ ਜੋੜਨਾ।

ਉਪਰੋਕਤ ਦੋਹਾਂ ਖ਼ਦਸ਼ਿਆਂ ਦੇ ਕ੍ਰਮਵਾਰ ਇਨ੍ਹਾਂ ਕਮਿਊਨਿਟੀਆਂ ਉੱਪਰ ਪੈਣ ਵਾਲੇ ਲੰਮੇ ਸਮੇਂ ਦੇ ਮਾਰੂ ਪ੍ਰਭਾਵ ਹਨ। ਇਹ ਰਿਪੋਰਟ ਮੁਸਲਿਮ ਅਤੇ ਸਿੱਖ ਦੋਹਾਂ ਕਮਿਊਨਿਟੀਆਂ ਨੂੰ ਬੜੇ ਅਯੋਗ ਢੰਗ ਨਾਲ ਆਪਣਾ ਨਿਸ਼ਾਨਾ ਬਣਾਉਂਦੀ ਹੈ ਅਤੇ ਇਹ ਸਰਕਾਰ ਦੇ ਭਵਿੱਖਮਈ ਸਹੀ ਤੇ ਸੰਭਾਵੀ ਇਰਾਦਿਆਂ ਨੂੰ ਪੇਸ਼ ਕਰਨ ਵਿਚ ਅਸਮਰੱਥ ਹੈ।

ਇਹ ਰਿਪੋਰਟ ਮੁਸਲਮਾਨਾਂ ਤੇ ਸਿੱਖਾਂ ਨੂੰ ਬਹੁਤ ਹੀ ਗ਼ਲਤ ਤਰੀਕੇ ਨਾਲ ਆਪਣਾ ਨਿਸ਼ਾਨਾ ਬਣਾਉਂਦੀ ਹੈ ਅਤੇ ਖ਼ਤਰਨਾਕ ਤੇ ਮਾਰੂ ਇਰਾਦਿਆਂ ਨੂੰ ਦਰਸਾਉਂਦੀ ਹੈ ਜਿਨ੍ਹਾਂ ਨਾਲ ਕਈ ਖ਼ਾਸ ਕਮਿਊਨਿਟੀਆਂ ਦੇ ਲੋਕ ਅਤੇ ਕੈਨੇਡਾ-ਵਾਸੀ ਅਸਰਦਾਰ ਹੋ ਸਕਦੇ ਹਨ ਅਤੇ ਇਨ੍ਹਾਂ ਵਿਚ ਕਰਾਈਸਟ ਚਰਚ, ਕਿਊਬਿਕ ਸਿਟੀ ਅਤੇ ਓਕ ਕਰੀਕ ਵਿਚ ਹੋਏ ਘਿਨਾਉਣੇ ਹਮਲੇ ਸ਼ਾਮਲ ਹਨ। ਰਾਜਸੀ ਆਗੂਆਂ ਨੂੰ ਬੜੇ ਧਿਆਨ ਨਾਲ ਅਤੇ ਪੂਰੀ ਜ਼ਿੰਮੇਵਾਰੀ ਨਾਲ ਵਿਚਰਨਾ ਚਾਹੀਦਾ ਹੈ ਤਾਂ ਜੋ ਉਨ੍ਹਾਂ ਦੇ ਸ਼ਬਦਾਂ ਨੂੰ ਕਮਿਊਨਿਟੀਆਂ ਵਿਚ ਡਰ ਅਤੇ ਨਫ਼ਰਤ ਫੈਲਾਉਣ ਲਈ ਨਾ ਵਰਤਿਆ ਜਾ ਸਕੇ। ਇਸ ਦੀ ਬਜਾਏ ਉਨ੍ਹਾਂ ਨੂੰ ਜਦੋਂ ਵੀ ਦੇਸ਼ ਵਿਚ ਕਿਧਰੇ ਮਾੜੀਆਂ ਘਟਨਾਵਾਂ ਵਾਪਰਨ, ਸਮਾਜ ਵਿਚ ਇਕਮੁੱਠਤਾ ਕਾਇਮ ਕਰਨ ਅਤੇ ਨਫ਼ਰਤ ਦਾ ਮੁਕਾਬਲਾ ਕਰਨ ਲਈ ਕੰਮ ਕਰਨਾ ਚਾਹੀਦਾ ਹੈ।

ਸਾਡੇ ਖ਼ਿਆਲ ਅਨੁਸਾਰ ਖ਼ਾਸ ਤੌਰ 'ਤੇ ਕਰੰਟ ਟੈਰਰਿਸਟ ਲਿਸਟ ਵਿਚ ਸ਼ਾਮਲ ਕੀਤੇ ਗਏ ਸ਼ਬਦਾਂ 'ਸਿੱਖ/ਖਾਲਿਸਤਾਨੀ ਟੈਰਰਿਜ਼ਮ' ਬਾਰੇ ਮੁੜ ਵਿਚਾਰਨ ਦੀ ਸਖ਼ਤ ਜ਼ਰੂਰਤ ਹੈ। ਪਬਲਿਕ ਸੇਫ਼ਟੀ ਡਿਪਾਰਟਮੈਂਟ ਵੱਲੋਂ ਸਾਲ 2002 ਦੀ ਰਿਪੋਰਟ ਤੇ ਇਸ ਤੋਂ ਬਾਅਦ ਜਾਰੀ ਕੀਤੀਆਂ ਗਈ ਰਿਪੋਰਟਾਂ ਵਿਚ ਸ਼ਬਦ 'ਸਿੱਖ' ਦੀ ਕਿਧਰੇ ਵੀ ਵਰਤੋਂ ਨਹੀਂ ਕੀਤੀ ਗਈ ਅਤੇ ਇਸ ਦੌਰਾਨ ਕੈਨੇਡੀਅਨ ਪਬਲਿਕ ਸੇਫ਼ਟੀ ਨੂੰ ਕਿਸੇ ਕਿਸਮ ਦੇ ਖ਼ਤਰੇ ਦਾ ਸਾਹਮਣਾ ਵੀ ਨਹੀਂ ਕਰਨਾ ਪਿਆ ਜਿਸ ਨਾਲ ਦੇਸ਼ ਵਿਚ ਹਾਲਾਤ ਖ਼ਰਾਬ ਹੋਏ ਹੋਣ।

ਦਰਅਸਲ, ਇਸ ਰਿਪੋਰਟ ਦੀ ਆਪਣੀ ਮੰਨਤ ਅਨੁਸਾਰ ਪਿਛਲੇ 25 ਸਾਲਾਂ ਤੋਂ ਸਿੱਖ ਅੱਤਵਾਦੀ ਘਟਨਾਵਾਂ ਵਿਚ ਕਮੀ ਹੀ ਆਈ ਹੈ। ਜੇਕਰ ਹਾਲਾਤ ਬਦਲ ਗਏ ਹਨ ਤਾਂ ਕੈਨੇਡਾ-ਵਾਸੀਆਂ ਨੂੰ ਇਨ੍ਹਾਂ ਬਾਰੇ ਜਾਨਣ ਦਾ ਪੂਰਾ ਅਧਿਕਾਰ ਹੈ ਅਤੇ ਜੇਕਰ ਇਹ ਨਹੀਂ ਬਦਲੇ ਤਾਂ ਤੁਹਾਨੂੰ ਇਹ ਦੱਸਣਾ ਪਵੇਗਾ ਕਿ ਇਸ ਰਿਪੋਰਟ ਵਿਚ ਇਨ੍ਹਾਂ ਸ਼ਬਦਾਂ ਨੂੰ ਸ਼ਾਮਲ ਕਰਨ ਦੀ ਹੁਣ ਕੀ ਜ਼ਰੂਰਤ ਹੈ। ਨਿਊ ਡੈਮੋਕਰੇਟਸ ਸਬੂਤਾਂ ਦੇ ਆਧਾਰਿਤ ਪਾਲਿਸੀ ਦੀ ਹਿਮਾਇਤ ਕਰਦੇ ਹਨ ਪ੍ਰੰਤੂ ਇਸ ਦੇ ਕਈ ਸਬੂਤਾਂ ਦੀ ਅਵੱਸ਼ ਜ਼ਰੂਰਤ ਹੋਵੇਗੀ।

ਤੁਸੀਂ ਅਤੇ ਸਾਡੇ ਕੱਕਸ ਵਿਚਲੇ ਸਾਰੇ ਹੀ ਮੈਂਬਰ ਅੱਤਵਾਦ ਦੀ ਸਮੱਸਿਆਂ ਨੂੰ ਹੱਲ ਕਰਨ ਦੇ ਚਾਹਵਾਨ ਹਨ। ਇਸ ਸਾਡੇ ਸਾਰਿਆਂ ਦੀ ਜ਼ਰੂਰਤ ਵੀ ਹੈ। ਅਲਬੱਤਾ, ਇਸ ਦੇ ਹੱਲ ਲਈ ਵੱਖ-ਵੱਖ ਗਰੁੱਪਾਂ ਵਿਚਕਾਰ ਵੰਡੀਆਂ ਪਾਉਣ ਵਾਲੀ ਪਹੁੰਚ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਜਿਸ ਨਾਲ ਆਪਸੀ ਨਫ਼ਰਤ ਫੈਲਦੀ ਹੈ ਅਤੇ ਕਈ ਹਿੰਸਕ ਘਟਨਾਵਾਂ ਹੋ ਜਾਂਦੀਆਂ ਹਨ। ਸਾਡੇ ਲਈ ਸਾਰੇ ਕੈਨੇਡਾ-ਵਾਸੀਆਂ ਦੀ ਸੁਰੱਖਿਆ ਸੱਭ ਤੋਂ ਅਹਿਮ ਹੈ।

ਜਦ ਕਿ ਇਨ੍ਹਾਂ ਥਰੈੱਟ ਰਿਪੋਰਟਾਂ ਦਾ ਪਾਰਦਰਸ਼ੀ ਢੰਗ ਨਾਲ ਪਾਰਲੀਮੈਂਟ ਵਿਚ ਪੇਸ਼ ਹੋਣਾ ਇਕ ਸੁਆਗਤੀ ਕਦਮ ਹੈ, ਪਰ ਇਸ ਦੇ ਨਾਲ ਹੀ ਸਾਨੂੰ ਇਹ ਵੀ ਮੁੜ ਵਿਚਾਰਨਾ ਚਾਹੀਦਾ ਹੈ ਕਿ ਇਹ ਤਿਆਰ ਕਿਵੇਂ ਕੀਤੀਆਂ ਜਾਂਦੀਆਂ ਹਨ ਤੇ ਪੇਸ਼ ਕੀਤੀਆਂ ਜਾਂਦੀਆਂ ਹਨ। ਸਾਰੀਆਂ ਕਮਿਊਨਿਟੀਆਂ ਨੂੰ ਹੀ ਦੋਸ਼ੀ ਗਰਦਾਨਣਾ, ਲੋੜੀਂਦੇ ਸਬੂਤਾਂ ਦੀ ਗ਼ੈਰ-ਹਾਜ਼ਰੀ, ਅੱਤਵਾਦ ਦੇ ਵੱਧਣ ਦੇ ਖ਼ਦਸ਼ੇ ਦੀ ਅਤੇ ਖ਼ਾਸ ਗਰੁੱਪਾਂ ਨੂੰ ਨਿਸ਼ਾਨਾ ਬਣਾ ਕੇ ਉਨ੍ਹਾਂ ਉੱਪਰ ਕੀਤੇ ਜਾਣ ਵਾਲੇ ਹਮਲਿਆਂ ਤੋਂ ਆਮ ਰਾਇ ਬਣਾਉਣਾ ਇਨ੍ਹਾਂ ਦੇ ਬਾਰੇ ਮੁੜ ਵਿਚਾਰਨ ਲਈ ਕਾਫ਼ੀ ਹਨ। ਪਬਲਿਕ ਸੇਫ਼ਟੀ ਲਈ ਵਰਤੇ ਜਾਂਦੇ ਸੰਦ ਤੇ ਸਾਧਨ ਅੱਤਵਾਦ ਫ਼ੈਲਾਉਣ ਵਾਲੀ ਅੱਗ ਉੱਪਰ ਤੇਲ ਪਾਉਣ ਵਾਲੇ ਨਹੀਂ ਹੋਣੇ ਚਾਹੀਦ ਜੋ ਕੈਨੇਡਾ-ਵਾਸੀਆਂ ਦੀਆਂ ਕੀਮਤੀ ਜਾਨਾਂ ਨੂੰ ਖ਼ਤਰੇ ਵਿਚ ਪਾਉਣ।


ਦਸੰਬਰ 2018 ਵਿਚ ਤੁਹਾਡੇ ਪਬਲਿਕ ਸੇਫ਼ਟੀ ਮੰਤਰੀ ਨੂੰ ਲਿਖੀ ਗਈ ਚਿੱਠੀ ਦਾ ਜੁਆਬ ਨਾ ਆਉਣ ਕਾਰਨ ਜਿੰਨਾ ਚਿਰ ਇਸ ਰਿਪੋਰਟ ਵਿੱਚੋਂ ਸ਼ਬਦ 'ਸਿੱਖ', 'ਸ਼ੀਆ', 'ਸੁੰਨੀ' ਨਹੀਂ ਹਟਾਏ ਜਾਂਦੇ ਜਾਂ ਇਨ੍ਹਾਂ ਬਾਰੇ ਸਬੂਤਾਂ ਦੇ ਆਧਾਰਿਤ ਸਾਫ਼ ਵਿਆਖਿਆ ਨਹੀਂ ਕੀਤੀ ਜਾਂਦੀ, ਅਸੀਂ ਤੁਹਾਨੂੰ ਇਹ ਰਿਪੋਰਟ ਆਪਣੀ ਵੈੱਬਸਾਈਟ ਤੋਂ ਹਟਾਉਣ ਲਈ ਬੇਨਤੀ ਕਰਦੇ ਹਾਂ।

ਸਾਡਾ ਇਹ ਵਿਸ਼ਵਾਸ ਹੈ ਕਿ ਇਸ ਰਿਪੋਰਟ ਵਿਚ ਦਰਜ ਕੀਤੇ ਗਏ ਫ਼ੈਸਲਿਆਂ ਅਤੇ ਕਾਰਨਾਂ ਬਾਰੇ ਪੂਰੀ ਸਮਝ ਤੇ ਜਾਣਕਾਰੀ ਪ੍ਰਾਪਤ ਕਰਕੇ ਸਾਨੂੰ ਅਵੱਸ਼ ਲਾਭ ਮਿਲੇਗਾ। ਜਦੋਂ ਸਾਰੇ ਕੈਨੇਡਾ-ਵਾਸੀਆਂ ਦੀ ਸੁਰੱਖਿਆ ਦਾ ਸੁਆਲ ਬਣ ਜਾਂਦਾ ਹੈ ਤਾਂ ਅਸੀਂ ਗ਼ਲਤੀ ਨਹੀਂ ਕਰ ਸਕਦੇ।

ਸ਼ੁਭਚਿੰਤਕ,
ਜਗਮੀਤ ਸਿੰਘ, ਲੀਡਰ ਕੈਨੇਡਾ ਐੱਨ.ਡੀ.ਪੀ.
ਮੈਥਿਊ ਡੁਬੇ, ਪਬਲਿਕ ਸੇਫ਼ਟੀ ਐੱਨ.ਡੀ.ਪੀ. ਕ੍ਰਿਟਿਕ

Action Kitchen & Bath Inc
MANUFACTURE OF FINE CUSTOM KITCHEN AND BATH VANITIES
BUY DIRECT FROM THE FACTORY AND SAVE
ਬਹੁਤ ਹੀ ਘੱਟ ਰੇਟ ਤੇ ਆਪਣੀ ਕਿਚਨ ਬਣਵਾਓ
SPECIAL DISCOUNT FOR CONTRACTORS







Custom Kitchen & Vanities ●Granite Countertops
Complete Kitchen & Bathroom Renovations
3D Computer Design
We will beat any written quote by 10%
Call for FREE In-Home Estimate
905-799-7277 or 1-800-536-2480
Mon - Fri : 9am to 6pm Sat: 11am - 4pm
Sun: APPOINTMENT ONLY
actionkitchen@live.ca
www.actionkitchen.ca
8 Starthern Ave, Unit 1 & 2, Brampton (South of Steeles facing Dixie)

ਸਿੱਖ ਸੰਗਤ ਗੁਰਦੁਆਰਾ ਸਾਹਿਬ
32 ਰੀਗਨ ਰੋਡ ਬਰੈਂਪਟਨ
ਸ੍ਰੀ ਗੁਰੂ ਨਾਨਕ ਸਿੱਖ ਸੈਂਟਰ 99 ਗਲਿਡਨ ਰੋਡ, ਬਰੈਂਪਟਨ
ਖਾਲਸਾ ਸਾਜਨਾ ਦਿਵਸ
ਤੇ ਵਿਸਾਖੀ ਦੀਆਂ ਸਮੂਹ ਸੰਗਤਾਂ
ਨੂੰ ਲੱਖ-ਲੱਖ ਵਧਾਈਆਂ
ਆਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ: 12 ਅਪ੍ਰੈਲ, ਸ਼ੁੱਕਰਵਾਰ 2019
ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ: 14 ਅਪ੍ਰੈਲ, ਐਤਵਾਰ 2019






ਸਿੱਖ ਸੰਗਤ ਗੁਰਦੁਆਰਾ ਸਾਹਿਬ 905-495-1200, ਸ੍ਰੀ ਗੁਰੂ ਨਾਨਕ ਸਿੱਖ ਸੈਂਟਰ 905-457-5757

ਵਿਸਾਖੀ
14 Apr
੧੪ ਅਪ੍ਰੈਲ
Dixie Gurdwara

ਓਨਟਾਰੀਓ ਖਾਲਸਾ ਦਰਬਾਰ
ਵੱਲੋਂ



ਖਾਲਸਾ ਸਾਜਨਾ ਦਿਵਸ
ਅਤੇ ਵਿਸਾਖੀ ਦੀਆਂ ਸਮੂਹ ਸੰਗਤਾਂ
ਨੂੰ ਲੱਖ-ਲੱਖ ਵਧਾਈਆਂ

ਓ.ਕੇ.ਡੀ
ਖਾਲਸਾ ਸਕੂਲ
ਆਪਣੇ ਬੱਚਿਆਂ ਨੂੰ
ਖਾਲਸਾ ਸਕੂਲ ਵਿੱਚ
ਵੱਧ ਤੋਂ ਵੱਧ
ਰਜਿਸਟਰ ਕਰੋ ਜੀ

ਓਨਟਾਰੀਓ
ਖਾਲਸਾ ਸਕੂਲ
ਗੁਰਮਤਿ ਟ੍ਰੇਨਿੰਗ ਕੈਂਪ
8 July
to
19 July
ਅੰਮ੍ਰਿਤ ਸੰਚਾਰ
21 April 2019, Sunday
1pm Hall No 5
905-670-0841

ਅਖੰਡ ਪਾਠ ਸਾਹਿਬ
ਆਰੰਭ ਸ਼੍ਰੀ ਅਖੰਡ ਪਾਠ ਸਾਹਿਬ ਜੀ : 12 ਅਪ੍ਰੈਲ, 2019 ਸ਼ੁਕਰਵਾਰ ਸਮਾਂ: 10:30
ਭੋਗ ਸ਼੍ਰੀ ਅਖੰਡ ਪਾਠ ਸਾਹਿਬ ਜੀ : 14 ਅਪ੍ਰੈਲ, 2019 ਐਤਵਾਰ ਸਮਾਂ: ਸਵੇਰੇ 10:30

ਨਿਸ਼ਾਨ ਸਾਹਿਬ ਦੀ ਸੇਵਾ
13 ਅਪ੍ਰੈਲ 2019 ਸਮਾਂ: (ਸਵੇਰੇ 11:00)

ਕਾਰ-ਸੇਵਾ
1) ਈਸਟ ਹਾਲ ਦੀ ਸੇਵਾ, ਪੁਰਾਣੀ ਰਸੋਈ ਹਟਾਉਣ ਦੀ ਸੇਵਾ ਚਲ ਰਹੀ ਹੈ
2) ਸੱਚ ਖੰਡ ਸਾਹਿਬ ਦੀ ਕਾਰ ਸੇਵਾ ਜਲਦ ਸ਼ੁਰੂ ਹੋ ਰਹੀ ਹੈ।
3) ਐਲੀਵੇਟਰ ਦੀ ਕਾਰ ਸੇਵਾ ਜਲਦ ਸ਼ੁਰੂ ਹੋ ਰਹੀ ਹੈ।

Live Broadcast of
Sri Akhand Path
ਪੰਜAAਬ TV
SANJHA PUNJAB
PTC PUNJABI

19,20,21 ਆਤਮ ਰਸ ਕੀਰਤਨ ਦਰਬਾਰ
ਜਿਸ ਵਿੱਚ ਹਜ਼ੂਰੀ ਰਾਗੀ ਦਰਬਾਰ ਸਾਹਿਬ ਭਾਈ ਲਖਵਿੰਦਰ ਸਿੰਘ ਜੀ, ਭਾਈ ਇੰਦਰਜੀਤ ਸਿੰਘ ਜੀ, ਭਾਈ ਸਤਨਾਮ ਸਿੰਘ ਜੀ, ਭਾਈ ਦਵਿੰਦਰ ਸਿੰਘ ਜੀ, ਭਾਈ ਸੁਖਜਿੰਦਰ ਸਿੰਘ ਜੀ, ਭਾਈ ਸੁਖਵੰਤ ਸਿੰਘ ਜੀ ਅਤੇ ਭਾਈ ਅਨੰਤਵੀਰ ਸਿੰਘ ਜੀ ਕੈਲੀਫੋਰਨੀਆਂ ਵਾਲੇ ਸੰਗਤਾਂ ਨੂੰ ਕੀਰਤਨ ਰਾਹੀ ਨਿਹਾਲ ਕਰਨਗੇ।
ਵਧੇਰੇ ਜਾਣਕਾਰੀ ਲਈ ਗੁਰਦੁਆਰਾ ਸਾਹਿਬ ਵਿਖੇ 905-670-3311 ਤੇ ਸੰਪਰਕ ਕਰ ਸਕਦੇ ਹੋ। ਵਲੋਂ ਸਮੂਹ ਸੇਵਾਦਾਰ ਕਮੇਟੀ ਅਤੇ ਸੰਗਤ

ASIAN FOOD CENTRE



SERVING FROM 10 LOCATIONS
IN ALL THE GTA AREA:

1. 621 Wanless drive unit 122 Brampton ON L7A 0A9 ............ 905-495-3336
2. 80 Pertosa Drive Brampton ON L5X-5E9 ............ 905-460-0009
3. 2120 North park drive Brampton ON L6S 0C9 ............ 905-793-1338
4. 284 Orenda Road #13 Brampton ON L6T 5S3 ............ 905-450-9167
5. 10 Westmore Drive Etobicoke ON M9V-3Z7 ............ 416-740-3262
6. 1075 Ceremonial Drive Mississauga ON L5R-2Z4 ............ 905-502-1600
7. 308 Eddystone Ave North York ON M3N-1H7 ............ 416-740-3360
8. 10510 Torbram Road, Brampton ............ 905-790-0030
9. 10 Pannahill Dr, Brampton ............ 905 913-8017
10. 21 Lacoste Blvd, Brampton, ON L6P 2K2 ............ 905 794-8109





www.BramptonTopRelator.com

## JAG AUJLA
REAL ESTATE BROKER

DIR: 416-371-7777

j.aujla@rogers.com www.jagaujla.com

RE/MAX Realty Specialist Inc., Brokerage (Independently Owned and Operated) Off: 905-456-3232

Other Realtors only Promise
But JAG AUJLA SOLD YOUR HOME WITH
**GUARANTEED**
GUARANTEED OR HE'LL BUY IT!*
*Some Conditions Apply

Top 1% Broker — Call For a Quick & Free Home Evaluation
www.BramptonQuickHomeEvaluation.com

**2016,2015,2014,2013 **(2009,2008) 2012,2011,2010)** RE/MAX International **(2010) **(2014)


Urgently Need New Listing in Brampton/ GTA Call Jag Today To Sell Your Property For Top $$$ & Accurate Price




SOLD
BRAMPTON $679,905
ਚਿੰਗਕੁਜ਼ੀ/ਵੀਲੀਅਮ ਪਾਕ੍ਰਵੇ
SOLD $20,000 OVER ASKING PRICE




SOLD
BRAMPTON $644,905
ਬਰੈਮਲੀ ਰੋਡ/ ਸੈਂਡਲਵੁਡ
SOLD AT 99% OF ASKING PRICE




BRAMPTON $849,905
ਵੈਨਲੈਸ/ਵੈਨ ਕ੍ਰਕ
ਸਾਫ-ਸੁਥਰਾ 4 ਬੈਡਰੂਮ ਤੇ 4 ਵਾਸ਼ਰੂਮਾਂ ਦਾ ਡਿਟੈਚ ਘਰ, ਹਾਰਡਵੁਡ ਫਲੋਰ, ਡਬਲ ਡੋਰ ਇੰਨਟਰੈਂਸ, ਸਟੇਨਲੈਸ ਸਟੀਲ ਅਪਲਾਇੰਸਿਸ, ਮੇਨ ਫਲੋਰ ਨੂੰ 9 ਫੁੱਟ ਸਿਲਿੰਗ, ਸੋਹਣੀ ਇਟ ਇੰਨ ਕਿੱਚਨ, ਸਕੂਲ, ਪਾਰਕ, ਪਲਾਜ਼ਾ ਆਦਿ ਸਹੂਲਤਾਂ ਦੇ ਨੇੜੇ।



BRAMPTON
ਫਾਦਰ ਟੋਬਿਨ/ਬਰੈਮਲੀ ਰੋਡ
ਸੋਹਣਾ ਤੇ ਸਾਫ ਸੁਥਰਾ 3 ਸਟੋਰੀ ਡਿਟੈਚ ਘਰ (approx.3200 sqft), ਜਿਸ ਨੂੰ 5 ਬੈਡਰੂਮ , 5 ਵਾਸ਼ਰੂਮ। U/F ਬੈਸਮੈਂਟ, 9 ਫੁੱਟ ਸਿਲਿੰਗ,ਓਕ ਸਟੇਅਰਸ, ਕਿਚਨ ਨੂੰ ਸਟੋਨ ਕਾਂਉਟਰ ਟਾਪ, ਸਟੇਨਲੈਸ ਸਟੀਲ ਅਪਲਾਇੰਸਿਸ, ਬੈਡਰੂਮ ਨੂੰ 5 ਪੀਸ ਇਨ ਸੂਟ, ਆਦਿ ਸਹੂਲਤਾਂ ਦੇ ਨੇੜੇ।



3 Car Garage
BRAMPTON $1,679,905
ਕਵੀਨ/ਮਿਸੀਸਾਗਾ ਰੋਡ
ਬਹੁਤ ਹੀ ਵਧੀਆ 5+1 ਬੈਡਰੂਮ (approx.5000 sqft) , 5 ਵਾਸ਼ਰੂਮ ਦਾ ਘਰ ਜਿਸ ਨੂੰ ਕਿ +3 ਕਾਰ ਗਰਾਜ, +7 ਕਾਰਾਂ ਦੀ ਬਾਹਰ ਪਾਰਕਿੰਗ, ,10 ਫੁੱਟ ਸੀਲਿੰਗ, ਦੂਸਰਾ ਫਲੋਰ ਤੇ ਬੇਸਮੈਂਟ 9 ਫੁੱਟ ਸੀਲਿੰਗ, ਲੋਡਡ ਵਿਦ ਟਨਸ ਆਫ ਅਪਗ੍ਰੇਡਜ਼, 90 ਪੋਟ ਲਾਈਟਸ,ਹਾਰਡਵੂਡ ਫਲੋਰ, ਆਦਿ ਸਹੂਲਤਾਂ ਦੇ ਨੇੜੇ।



GUELPH $529,905
ਗਲਫ, ਉਨਟਾਰੀਓ
ਗੁਰੂ ਘਰ ਦੇ ਨੇੜੇ, 6 ਸਾਲ ਪੁਰਾਣਾ ਤੇ ਸਾਫ-ਸੁਥਰਾ 3 ਬੈਡਰੂਮ , 4 ਵਾਸ਼ਰੂਮ ਦਾ ਸੈਮੀ ਡਿਟੈਚ, ਡਬਲ ਸਟੋਰੀ ਕਾਂਡੋ ਟਾਉਨ-ਹਾਉਸ। ਫੀਨਿਸ਼ਡ ਬੈਸਮੈਂਟ ਵਿੱਚ *rec room*, ਲੈਮੀਨੇਟਡ ਫਲੋਰ, ਮਾਸਟਰ ਬੈਡਰੂਮ ਨੂੰ 4 ਪੀਸ ਇਨ ਸੂਟ ਤੇ ਵਾਕ ਇਨ ਕਲੋਜ਼ਟ, ਸਕੂਲ, ਪਲਾਜ਼ਾ, ਆਦਿ ਦੇ ਨੇੜੇ।

## REXDALE BODY SHOP
USED CAR SALE





Specialization In:
- All Kinds of Body Work
- Auto Glass Windshield
- Denting, Painting & Welding

SPECIAL PAINT JOB $779

RENTAL CAR PROVIDED

25 years of Canadian Experience
OPEN MON - SAT 9AM TO 7PM

ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ

CHEEMA
LOWEST PRICE IN TOWN
Call Rick or Manminder Cheema: 416.749.9596 /416.951.6431

Towing Service Car Paint Starts $799*upto 100% Deductible Paid*

30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

## Grand Upholstery Ltd
Sofa Company Originality in Every Piece



Special on Sale

- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ



ਕੁਆਲਿਟੀ ਮੂਹੋਂ ਬੋਲਦੀ ਹੈ

Tel: 905.791.2888 Cell: 647.293.3212
5 Edvac Drive # 5 & 6 Brampton ON L6S 5P3 Email: grandupholstery@gmail.com

## Carte KANG TAX & FINANCIAL SERVICES
WEALTH MANAGEMENT INC.



- Personal and Corporate Tax Filings**
- RDSP, RESP, RRSP, TFSA Plans*
- Home and Auto Insurance***

Free Tax Filing For New Immigrants

416-271-4877 Email: sukhwinder.kang@cartewm.com

Sukhwinder Kang (M.Sc. CFP) Financial Advisor

2645 ISLINGTON AVENUE, Unit # 101
ALBION & ISLINGTON, ETOBICOKE
OVER INDIA BAZAR GROCERY STORE

* Mutual funds provided by Carte Wealth Management Inc.
** Tax planning and filings provided by Kang Tax & Financial Services
*** Property & Casualty Insurance provided by Armour Insurance Brokers Ltd.

## NU WAY TOUR & TRAVELS INC.

ਸਸਤੀਆਂ ਹਵਾਈ ਟਿਕਟਾ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ

AIR TICKETS | CRUISES | VACATIONS | TRAVEL INSURANCE

International & Domestic Air Tickets
- Cheapest Air Fares
- Price Match Guaranteed
- 24/7 Emergency Services
- Reliable & Excellent Customer Service
- 100% Customer Satisfaction

AIR CANADA, PIA, ETIHAD, KLM, Emirates, SWISS, BRITISH AIRWAYS, JET AIRWAYS

Travel Worry Free With Insurance
- Super Visa Insurance
- Visitor to Canada
- Trip Cancellation
- Trip Interruption

Manulife



Signature.ca, WESTJET vacations, tico.ca, IATA

Call Us For Guaranteed Lowest Airfare — ANY Airline Time Destination Around the World

transat, sunwing, AIR CANADA VACATIONS

7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com E-mail- info@nuwaytravels.com

## IFS INTERSTATE FREIGHT SYSTEMS INC.

## A/Z ਡਰਾਈਵਰਾਂ ਦੀ ਲੋੜ

USA, Montreal, Montreal Local Within Ontario ਤੇ Local GTA ਤੇ Cambridge ਵਾਸਤੇ AZ ਡਰਾਇਵਰਾਂ ਦੀ ਲੋੜ ਹੈ

Also Hiring Owner Operators for local work & US

- 2 ਸਾਲ ਦਾ Experience, USA ਵਾਸਤੇ Fast Card ਜ਼ਰੂਰੀ ਹੈ
- ਡਰਾਇਵਰਾਂ ਦਾ CVOR Abstract ਚਾਹੀਦਾ ਹੈ

Please send resume at:
safety@interstatefreightsystem.com
Call: 416-452-0677

## Dr. Randhawa Dentistry



*Your own dentist who really cares for you*

We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

Dr. Samreet Kaur Randhawa
General Family Dentist

New Patients welcome
Deal Directly with all Insurance Companies


- ਸੀਨੀਅਰ ਡਿਸਕਾਉਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜ਼ਰ ਨਹੀਂ ਆਉਂਦੀਆਂ
Show Your Smile More With Invisible Braces!



FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044

NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111



Mayfield Rd, Mcvean Dr, Gore Rd, Squire Ellis Dr, DENTISTRY, Countryside Dr